ਗੁਰਪ੍ਰਸਾਦਿ

(ਸੰਪਾਦਕ: ਅਨੰਤ ਪ੍ਰਵਾਹ ਟ੍ਰਸਟ ਯੂ.ਕੇ.)

ਸੰਸਾਰ ਵਿੱਚ ਪ੍ਰਮੇਸ਼ਰ ਬਾਬਤ ਭਿੰਨ-ਭਿੰਨ ਖ਼ਿਆਲ, ਕਲਪਨਾਵਾਂ, ਨਿਸ਼ਚੇ ਅਤੇ ਸਰੂਪ ਮੰਨੇ ਗਏ ਹਨ ਤੇ ਆਪੋ ਆਪਣੇ ਮਨੋਕਲਪਤ ਸਰੂਪ ਨੂੰ ਰੀਝਾਉਣ ਲਈ ਵੱਖੋ ਵੱਖਰੇ ਕਰਮਕਾਂਡ, ਪੂਜਾ ਪਾਠ ਅਤੇ ਕੁਰਬਾਨੀਆਂ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਪਸ਼ੂਆਂ ਦੀ ਕੁਰਬਾਨੀ ਆਮ ਪ੍ਰਚਲਤ ਹੈ। ਕਈ ਥਾਈਂ ਦੇਵਤਿਆਂ ਨੂੰ ਰੀਝਾਉਣ ਲਈ ਇਨਸਾਨਾਂ ਦੀ ਵੀ ਬਲੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬੜੀ ਦੁਖਦਾਈ ਗੱਲ ਇਹ ਹੈ ਕਿ ਧਰਮ ਦੇ ਨਾਉਂ ਤੇ ਭਿਆਨਕ ਲੜਾਈਆਂ ਝਗੜੇ ਹੁੰਦੇ ਹਨ, ਜਿਨ੍ਹਾਂ ਵਿੱਚ ਅਤਿਅੰਤ ਹਿਰਦੇ ਵੇਧਕ ਅਸਹਿ ਅਤੇ ਅਕਹਿ ਜ਼ੁਲਮ ਵੀ ਕੀਤੇ ਜਾਂਦੇ ਹਨ।

ਇਹ ਸਭ ਅਨੋਖੇ ਕਰਮ-ਕਾਂਡ, ਹਿਰਦੇਵੇਧਕ ਕੁਰਬਾਨੀਆਂ ਅਤੇ ਘਿਰਣਾ ਭਰੇ ਜ਼ੁਲਮ ਆਪਦੇ ਇਸ਼ਟ, ਦੇਵਤੇ ਜਾਂ ਰੱਬ ਨੂੰ ਖੁਸ਼ ਕਰਨ ਲਈ ਕੀਤੇ ਜਾਂਦੇ ਹਨ। ਜਿਸ ਦਾ ਮਕਸਦ ਆਮ ਤੌਰ 'ਤੇ ਇਉਂ ਹੁੰਦਾ ਹੈ – ਦੁੱਖਾਂ ਕਲੇਸ਼ਾਂ ਤੋਂ ਬਚਣ ਲਈ, ਨਿੱਜੀ ਗਰਜਾਂ ਦੀ ਪੂਰਤੀ ਲਈ, ਵੈਰ ਜਾਂ ਬਦਲਾ ਲੈਣ ਲਈ, ਆਪਣੀ ਮੁਕਤੀ ਜਾਂ ਕਲਿਆਣ ਲਈ ਪ੍ਰਮੇਸ਼ਰ ਨੂੰ ਖੁਸ਼ ਕਰਕੇ ਜਾਂ ਰੀਝਾ ਕੇ ਉਸ ਤੋਂ ਮਿਹਰਾ ਜਾਂ ਬਖ਼ਸ਼ਿਸ਼ਾਂ ਦੀ ਲਾਲਸਾ ਲਈ ਕੀਤੇ ਇਹ ਫੋਕੇ ਕਰਮਕਾਂਡ, ਕੁਰਬਾਨੀਆਂ ਤੇ ਜ਼ੁਲਮ ਗੁਰਬਾਣੀ ਵਿੱਚ ਵਿਵਰਜਤ ਹਨ ਤੇ ਇਨ੍ਹਾਂ ਦੀ ਬਹੁਤ ਨਿਖੇਧੀ ਕੀਤੀ ਗਈ ਹੈ।

- ਮਨਮੁਖਿ ਹੁਕਮੁ ਨ ਬੁਝੇ ਬਪੁੜੀ ਨਿਤ ਹਉਮੈ ਕਰਮ ਕਮਾਇ॥
ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ॥
ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ ਜਿਉ ਹਸਤੀ ਛਾਰੁ ਉਡਾਏ॥
ਜਿਨਿ ਉਪਾਏ ਤਿਸੈ ਨ ਚੇਤਹਿ ਬਿਨੁ ਚੇਤੇ ਕਿਉ ਸੁਖੁ ਪਾਏ॥ (੧੪੨੩)

- ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥ (ਸਵੱਯੇ ਪ: ੧੦)

ਇਲਾਹੀ ਬਖ਼ਸ਼ਿਸ਼ ਜਾਂ ਗੁਰਪ੍ਰਸਾਦਿ ਨੂੰ ਗੁਰਬਾਣੀ ਵਿੱਚ ਹੋਰ ਤਰਾਂ ਦਰਸਾਇਆ ਗਿਆ ਹੈ ਅਤੇ ਇਸ ਲੇਖ ਦੁਆਰਾ ਗੁਰਬਾਣੀ ਦੀ ਰੋਸ਼ਨੀ ਵਿੱਚ "ਗੁਰਪ੍ਰਸਾਦਿ" ਦੀ ਵੀਚਾਰ ਪੇਸ਼ ਕੀਤੀ ਜਾਂਦੀ ਹੈ:-

"ਗੁਰਪ੍ਰਸਾਦਿ" ਦੇ ਅੱਖਰੀ ਅਰਥ ਹਨ – ਗੁਰੂ ਦੀ ਬਖ਼ਸ਼ਿਸ਼ ਦੁਆਰਾ॥

ਗੁਰਬਾਣੀ ਦੇ ਆਦਿ ਵਿੱਚ ਪ੍ਰਮੇਸ਼ਰ ਦੇ ਮੰਗਲਾਚਰਣ ਵਿੱਚ "ੴ" ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ" ਤੋਂ ਮਗਰੋਂ "ਗੁਰਪ੍ਰਸਾਦਿ" ਦਰਜ ਹੈ। ਜਿਸ ਦਾ ਮਤਲਬ ਇਹ ਹੈ ਕਿ ਇਹ ਜੋ ਬਾਣੀ ਰਚੀ ਜਾ ਰਹੀ ਹੈ ਇਹ ਗੁਰੂ ਦੇ "ਪ੍ਰਸਾਦਿ" ਜਾਂ ਗੁਰੂ ਦੀ ਬਖ਼ਸ਼ਿਸ਼ ਦਾ ਨਤੀਜਾ ਹੈ। ਇਸੇ ਕਰਕੇ "ਧੁਰ ਕੀ ਬਾਣੀ" ਨੂੰ ਪ੍ਰਮੇਸ਼ਰ ਦੀ "ਇਲਾਹੀ ਬਖ਼ਸ਼ਿਸ਼" ਜਾਂ "ਗੁਰਪ੍ਰਸਾਦਿ" ਕਿਹਾ ਗਿਆ ਹੈ ਤੇ ਬਾਣੀ ਵਿੱਚ ਬੇਅੰਤ ਵਾਰੀ "ੴ ਸਤਿਗੁਰ ਪ੍ਰਸਾਸਿ" ਵਰਤਿਆ ਗਿਆ ਹੈ ਤਾਂ ਕਿ ਸਾਨੂੰ ਮੁੜ ਮੁੜ ਯਾਦ ਆਵੇ ਕਿ ਇਹ ਬਾਣੀ ਅਕਾਲ ਪੁਰਖ ਦੀ "ਬਖ਼ਸ਼ਿਸ਼" ਜਾਂ "ਦਾਤ" ਹੈ, ਜੋ ਕਿ ਸਾਡੇ ਜੀਵਾਂ ਤੇ ਅਕਾਲ ਪੁਰਖ ਨੇ ਤਰੁੱਠ ਕੇ, ਸਾਡੇ ਕਲਿਆਣ ਹਿਤ ਰਚੀ ਹੈ ਤਾਂ ਜੋ ਅਸੀਂ ਗੁਰਬਾਣੀ ਦੀ ਆਤਮਕ ਰੌਸ਼ਨੀ ਵਿੱਚ, ਆਤਮਕ ਗਿਆਨ, ਅਤੇ ਇਲਾਹੀ ਉਪਦੇਸ਼ਾਂ ਦੁਆਰਾ ਆਪਣੇ ਜੀਵਨ ਨੂੰ ਸਹੀ ਸੇਧ ਦੇ ਕੇ ਸੰਸਾਰ ਯਾਤਰਾ ਨੂੰ ਸਫ਼ਲ ਕਰ ਸਕੀਏ।

- ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ॥ ਗੁਰਸਿਖਾਂ ਕੈ ਮਨਿ ਪਿਆਰੀ ਭਾਣੀ॥
ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ ਗੁਰੁ ਸਤਿਗੁਰੁ ਪਰਉਪਕਾਰੀਆ ਜੀਉ॥ (੯੬)

ਇਸ ਤੋਂ ਇਲਾਵਾ ਗੁਰਬਾਣੀ ਵਿੱਚ ਅਨੇਕਾਂ ਵਾਰੀ ''ਗੁਰਪ੍ਰਸਾਦਿ'' ਵਰਤਿਆ ਗਿਆ ਹੈ ਜੋ ਕਿ ਗੁਰੂ ਦੇ ''ਪ੍ਰਸਾਦਿ'' ਜਾਂ ਗੁਰੂ ਦੀ ਬਖ਼ਸ਼ਿਸ਼ ਦਾ ਪ੍ਰਤੀਕ ਹੈ।

ਬਖ਼ਸ਼ਿਸ਼ ਦੀ ਦਾਤ ਉਹ ਹੈ ਜਿਸ ਲਈ ਅਸੀਂ ਕੋਈ ਘਾਲਣਾ ਨਾ ਕੀਤੀ ਹੋਵੇ। ਜਿਸ ਤੇ ਸਾਡਾ ਕਿਸੇ ਕਿਸਮ ਦਾ ਹੱਕ ਨਾ ਹੋਵੇ ਸਗੋਂ ਨਿਰੋਲ ਦਾਤੇ ਦੀ ਮਿਹਰ ਤੇ ਪਿਆਰ ਦੀ ਦੇਣ ਹੋਵੇ।

ਪ੍ਰਮੇਸ਼ਰ ਨੂੰ ਗੁਰਬਾਣੀ ਵਿੱਚ ਪ੍ਰੀਤਮ, ਪ੍ਰੇਮ ਪੁਰਖ, ਪ੍ਰਿਅ, ਪਿਤਾ, ਬੰਧਪ ਆਦਿ ਅਨੇਕ ਭਾਵਨਾਵਾਂ ਦੇ ਰੰਗਾਂ ਵਿੱਚ ਦੇਖਿਆ ਤੇ ਬਿਆਨਿਆ ਗਿਆ ਹੈ।

– ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪ ਤੂੰ ਮੇਰਾ ਭ੍ਰਾਤਾ॥ (੧੦੩)

– ਮਾਤ ਪਿਤਾ ਬੰਧਪ ਤੂੰ ਹੈ ਤੂ ਸਰਬ ਨਿਵਾਸੁ॥ਨਾਨਕ ਪ੍ਰਭ ਸਰਣਾਗਤੀ ਜਾ ਕੋ ਨਿਰਮਲ ਜਾਸੁ॥(੮੧੮)

ਇਹਨਾਂ ਸਾਰੀਆਂ ਭਾਵਨਾਵਾਂ ਵਿੱਚ ਪ੍ਰੀਤ, ਪ੍ਰੇਮ,ਤੇ ਪਿਆਰ ਦੀ ਝਲਕ ਮੌਜੂਦ ਹੈ। ਇਸੇ ਇਲਾਹੀ ਪ੍ਰੇਮ ਭਾਵਨਾ,ਪ੍ਰਿਮ ਰਸ ਦੇ ਮੁਜੱਸਮ ਨੂੰ ਹੀ ਪ੍ਰਮੇਸ਼ਰ ਕਿਹਾ ਗਿਆ ਹੈ। ਅਸਲ ਵਿੱਚ ਪ੍ਰਮੇਸ਼ਰ ਆਪ ਪ੍ਰੇਮ ਸਰੂਪ ਹੈ ਇਸੇ ਕਰਕੇ ਪ੍ਰਮੇਸ਼ਰ ਨੂੰ ਪ੍ਰਿਅ, ਪ੍ਰੀਤਮ, ਪ੍ਰੇਮ ਪੁਰਖ ਕਿਹਾ ਗਿਆ ਹੈ।

ਸਾਰੀ ਦਿਸਣਹਾਰ ਦੁਨੀਆਂ ਵਿੱਚ ਇਸ ਇਲਾਹੀ ਪ੍ਰਿਮ ਰਸ ਦੇ ਪ੍ਰਤੀਬਿੰਬ ਦਾ ਵਿਸ਼ੇਸ਼ ਪ੍ਰਗਟਾਵਾ ਮਾਂ ਦੇ ਹਿਰਦੇ ਵਿੱਚ ਪ੍ਰਵਿਰਤ ਹੋ ਰਿਹਾ ਹੈ। ਇਸ ਲਈ ਇਲਾਹੀ ਪਿਆਰ ਦੇ ਦਰਸਾਉਣ ਲਈ ਮਾਂ ਦੇ ਪਿਆਰ ਦਾ ਉਦਾਹਰਣ ਠੀਕ ਢੁੱਕਦਾ ਹੈ।

ਮਾਂ ਦੇ ਹਿਰਦੇ ਵਿੱਚ ਆਪਣੇ ਬੱਚੇ ਲਈ ਅਤਿਅੰਤ ਪਿਆਰ ਭਰਿਆ ਹੋਇਆ ਹੈ। ਮਾਂ ਹਮੇਸ਼ਾ ਆਪਣੇ ਬੱਚੇ ਦੇ ਔਗੁਣ ਨਾ ਚਿਤਾਰਦੀ ਹੋਈ ਆਪਣੇ ਬੱਚੇ ਦੇ ਪਿਆਰ ਦੇ ਰੰਗਣ ਵਿੱਚ ਸਦਾ ਰੰਗੀ ਰਹਿੰਦੀ ਹੈ ਤੇ ਉਸ ਲਈ ਹਰ ਕਿਸਮ ਦੀ ਕੁਰਬਾਨੀ ਕਰਦੀ ਹੋਈ ਆਪਣਾ ਆਪਾ ਵਾਰੀ ਜਾਂਦੀ ਹੈ। ਉਸ ਦੀ ਸਦਾ ਹੀ ਸ਼ੁਭਚਿੰਤਕ ਹੋਣ ਕਾਰਨ, ਉਹ ਉਸਦਾ ਸਦਾ ਹੀ ਭਲਾ ਸੋਚਦੀ, ਲੋਚਦੀ ਤੇ ਕਮਾਉਂਦੀ ਹੈ। ਜੇ ਬੱਚਾ ਭੁੱਲ ਵੀ ਕਰਦਾ ਹੈ ਤਾਂ ਉਸ ਨੂੰ ਸੋਧਣ ਲਈ ਝਾੜਝੰਭ ਵੀ ਲੈਂਦੀ ਹੈ। ਪਰ ਫਿਰ ਵੀ ਮਾਂ ਦੇ ਹਿਰਦੇ ਦੀ ਡੂੰਘੀ ਤਹਿ ਵਿੱਚ ਬੱਚੇ ਲਈ ਮਾਂ ਦੇ ਪਿਆਰ ਦੀ ਭਾਵਨਾ ਤੇ ਸ਼ੁਭ ਇੱਛਾਵਾਂ ਉਸੇ ਤਰ੍ਹਾਂ ਸਦੀਵੀ ਤੌਰ ਤੇ ਓਤ ਪੋਤ ਪ੍ਰਵੇਸ਼ ਹੋ ਕੇ ਉਮਕਦੀਆਂ ਰਹਿੰਦੀਆਂ ਹਨ, ਕਿਉਂਕਿ ਉਹ ਬੱਚਾ ਉਸ ਦੀ ਅੰਸ਼ ਹੈ। ਇਸ ਤਰ੍ਹਾਂ ਸਦ ਬਖਸਿੰਦੁ, ਸਦਾ ਮਿਹਰਵਾਨਾ ਤੇ ਅਉਗੁਣ ਕੋ ਨ ਚਿਤਾਰਦਾ ਵਾਲੇ ਇਲਾਹੀ ਗੁਣਾਂ ਨੂੰ ਮਾਂ ਆਪਣੇ ਬੱਚੇ ਲਈ ਪ੍ਰਗਟਾਉਂਦੀ ਤੇ ਕਮਾਉਂਦੀ ਹੈ ਜਿਸ ਤੋਂ ਸਾਨੂੰ ਇਨ੍ਹਾਂ ਰੱਬੀ ਗੁਣਾਂ ਦੀ ਪਛਾਣ ਹੁੰਦੀ ਹੈ ਤੇ ਇਨ੍ਹਾਂ ਦੈਵੀ ਗੁਣਾਂ ਤੇ ਵਿਸ਼ਵਾਸ ਆਉਂਦਾ ਹੈ।

ਇਹ ਇਲਾਹੀ ਗੁਣ ਪਿਆਰ, ਬਖ਼ਸ਼ਿਸ਼, ਅਉਗੁਣ ਨਾ ਚਿਤਾਰਨਾ ਤੇ ਆਪਾ ਵਾਰਨਾ ਆਦਿ ਪ੍ਰਮੇਸ਼ਰ ਨੇ ਮਾਂ ਦੇ ਹਿਰਦੇ ਵਿੱਚ ਅਤਿ ਡੂੰਘੇ ਤੇ ਬਹੁਲਤਾ ਵਿੱਚ ਇਸ ਲਈ ਪ੍ਰਵੇਸ਼ ਕੀਤੇ ਹਨ ਕਿ ਮਾਂ ਆਪਣੇ ਬੱਚਿਆਂ ਨੂੰ ਬਾਵਜੂਦ ਉਨ੍ਹਾਂ ਦੀਆਂ ਅਣਗਹਿਲੀਆਂ, ਊਣਤਾਈਆਂ, ਗਲਤੀਆਂ ਅਤੇ ਸ਼ਰਾਰਤਾਂ ਦੇ, ਖਿੜੇ ਮੱਥੇ ਤੇ ਪਿਆਰ ਨਾਲ ਪਾਲ ਸਕੇ, ਤੇ ਉਹ ਜੀਵਨ ਦੇ ਬਿਖੜੇ ਖੇਤਰ ਵਿੱਚ ਵਿਚਰਨ ਤੇ ਮੁਕਾਬਲਾ ਕਰਨ ਦੇ ਯੋਗ ਹੋ ਸਕਣ।

ਇਸ ਤੋਂ ਇਲਾਵਾ ਜਦੋਂ ਕਦੇ ਬੱਚਾ ਮਾਂ ਵੱਲ ਤੱਕਦਾ ਹੈ ਜਾਂ ਪਿਆਰ ਦੀ ਕੋਈ ਨਿੱਕੀ ਜਿਹੀ ਸੇਵਾ ਜਾਂ ਪਿਆਰ ਦਾ ਕਿਸੇ ਕਿਸਮ ਦਾ ਪ੍ਰਗਟਾਵਾ ਕਰਦਾ ਹੈ ਤਾਂ ਮਾਂ ਦਾ ਸਹਿਜੇ ਪਿਆਰ ਉੱਛਲ ਆਉਂਦਾ ਹੈ। ਮਾਂ ਦਾ ਕੋਮਲ ਹਿਰਦਾ ਮਾਂ ਪਿਆਰ ਨਾਲ ਡੁੱਲ੍ਹ ਡੁੱਲ੍ਹ ਪੈਂਦਾ ਹੈ ਤੇ ਉਹ ਬੱਚੇ ਨੂੰ ਚੁੰਮ ਚੱਟ ਕੇ, ਲਾਡ ਲਡਾ ਕੇ ਅਤਿ ਨਿੱਘੇ ਪਿਆਰ ਨਾਲ ਸ਼ਰਸ਼ਾਰ ਕਰ ਦਿੰਦੀ ਹੈ। ਮਾਂ ਦੇ ਹਿਰਦੇ ਵਿੱਚੋਂ ਬੇਅੰਤ ਸ਼ੁਭ ਇੱਛਾਵਾਂ ਤੇ ਅਸੀਸਾਂ ਫੁੱਟ ਫੁੱਟ ਕੇ ਨਿਕਲਦੀਆਂ ਹਨ। ਮਾਂ ਦੇ ਇਹੋ ਜਿਹੇ ਅਨੋਖੇ ਤੇ ਸੂਖਮ ਪਿਆਰ ਨੂੰ ਨਦਰਿ ਨਿਹਾਲ ਕਿਹਾ ਜਾ ਸਕਦਾ ਹੈ।

ਇਹ ਦੁਨਿਆਵੀ ਮਾਂ ਪਿਆਰ, ਜੋ ਕਿ ਮਨੁੱਖਾਂ ਤੋਂ ਇਲਾਵਾ ਹੋਰ ਜਾਨਵਰਾਂ, ਪਰਿੰਦਿਆਂ ਵਿੱਚ ਵੀ ਦੇਖਿਆ ਗਿਆ ਹੈ, ਸਿਰਫ਼ ਆਪਣੇ ਜਾਏ ਬੱਚੇ ਲਈ ਹੀ ਹੁੰਦਾ ਹੈ ਤੇ ਇਸ ਵਿੱਚ ਮੈਂ ਮੇਰੀ ਦੇ ਤ੍ਰੈਗੁਣਾਂ ਦੀ ਰੰਗਤ ਹੁੰਦੀ ਹੈ। ਇਸ ਲਈ ਇਹ ਮਾਂ ਪਿਆਰ ਅਧੂਰਾ ਤੇ ਸੀਮਤ ਹੈ ਅਤੇ ਨਿਰਮਲ ਇਲਾਹੀ ਪਿਆਰ ਨਹੀਂ ਕਹਾ ਸਕਦਾ। ਇਸੇ ਲਈ ਇਸ ਕਿਸਮ ਦੇ ਦੁਨਿਆਵੀ ਪਿਆਰ ਨੂੰ ਗੁਰਬਾਣੀ ਵਿੱਚ ਮੋਹ ਕਿਹਾ ਗਿਆ ਹੈ, ਜਿਸ ਦੇ ਬੰਧਨਾਂ ਵਿੱਚ ਫਸਣ ਤੋਂ ਸਾਨੂੰ ਤਾੜਨਾ ਦਿੱਤੀ ਗਈ ਹੈ, ਫਿਰ ਵੀ ਕਾਇਨਾਤ ਵਿੱਚ ਇਹ ਮਾਂ ਪਿਆਰ ਸੂਖਮ ਤੇ ਨਿਰਮਲ ਇਲਾਹੀ ਪਿਆਰ ਦਾ ਢੁੱਕਵਾਂ ਤੇ ਸੋਹਣਾ ਬਾਹਰਮੁਖੀ ਪ੍ਰਤੀਕ ਅਤੇ ਪ੍ਰਗਟਾਵਾ ਹੈ।

ਮਾਂ ਪਿਆਰ ਦੀ ਉਪਰਲੀ ਉਦਾਹਰਣ ਕੇਵਲ ਸਾਡੀ ਮੋਟੀ ਠੁੱਲ੍ਹੀ ਬੁੱਧੀ ਦੇ ਸਮਝ ਗੋਚਰੀ ਕਰਨ ਲਈ ਦਿੱਤੀ ਗਈ ਹੈ। ਪਰ ਇਹ ਮੋਹ ਰੂਪ ਪਿਆਰ ਹੈ ਜੋ ਤ੍ਰੈਗੁਣਾਂ ਦੇ ਮਾਇਕੀ ਦਾਇਰੇ ਦਾ ਵਿਸ਼ਾ ਹੋਣ ਕਰਕੇ ਅਧੂਰਾ ਅਤੇ ਸੀਮਤ ਹੈ।

ਹੁਣ ਆਪਾਂ ਗੁਰਬਾਣੀ ਦੀ ਰੋਸ਼ਨੀ ਵਿੱਚ ਪ੍ਰਮੇਸ਼ਰ ਰੂਪੀ ਮਾਂ ਇਲਾਹੀ ਮਾਤਾ ਦੇ ਨਿਰਮਲ, ਪੂਰਨ, ਅਥਾਹ, ਅਗੋਚਰ ਤੇ ਅਚਰਜ ਪਿਆਰ ਦੀ ਬਾਬਤ ਵਿਚਾਰ ਕਰੀਏ।

ਪ੍ਰਮੇਸ਼ਰ ਨੂੰ ਬਾਣੀ ਵਿੱਚ ਅਨੇਕਾਂ ਰੰਗਾਂ ਜਾਂ ਭਾਵਨਾਵਾਂ ਨਾਲ ਸੰਬੋਧਨ ਕੀਤਾ ਗਿਆ ਹੈ ਜਿਹਾ ਕਿ ਮਾਤਾ, ਪਿਤਾ, ਪ੍ਰਿਅ, ਪ੍ਰੇਮ ਪੁਰਖ ਆਦਿ। ਇਥੇ ਅਸੀਂ ਸਿਰਫ਼ ਪ੍ਰਮੇਸ਼ਰ ਦੀ ਮਾਤਾ ਭਾਵਨਾ ਦੀ ਬਾਬਤ ਵਿਚਾਰ ਕਰ ਰਹੇ ਹਾਂ।

ਤ੍ਰੈਗੁਣਾਂ ਦੇ ਮਾਇਕੀ ਦਾਇਰੇ ਵਿੱਚ ਮਾਂ ਆਪਣੀ ਕੁੱਖੋਂ ਬੱਚੇ ਨੂੰ ਜਨਮ ਦਿੰਦੀ ਹੈ ਤਾਂ ਹੀ ਉਸਦਾ ਆਪਣੇ ਬੱਚੇ ਨਾਲ ਇਨ੍ਹਾਂ ਡੂੰਘਾ ਤੇ ਤੀਬਰ ਪਿਆਰ ਹੁੰਦਾ ਹੈ। ਇਹ ਦੁਨਿਆਵੀ ਮਾਂ ਪਿਆਰ ਵੀ ਇਲਾਹੀ ਮਾਂ ਪਿਆਰ ਦਾ ਹੀ ਧੁੰਧਲਾ ਜਿਹਾ ਪ੍ਰਤੀਬਿੰਬ ਹੈ।

ਪ੍ਰਮੇਸ਼ਰ ਨੇ ਆਪਣੀ ਮੌਜ ਵਿੱਚ, ਆਪਣੀ ਇਲਾਹੀ ਸ਼ਕਤੀ ''ਕਵਾਉ'' ਦੁਆਰਾ ਇਲਾਹੀ ਖੇਲ ਖੇਲਣ ਲਈ, **''ਦੇਖਣ ਕੋ ਪਰਪੰਚ ਕੀਆ''** ਅਨੁਸਾਰ ਹੀ ਇਹ ਸਾਰੀ ਬੇਅੰਤ ਮਾਇਕੀ ਕਾਇਨਾਤ ਰਚ ਦਿੱਤੀ ਤੇ ਉਸ ਵਿੱਚ ਆਪਣੀ ਜੋਤ ਰੱਖ ਕੇ ਕੁਦਰਤ ਦੁਆਰਾ ਉਪਜਾਉਣ, ਸਾਂਭਣ ਅਤੇ ਚਲਾਉਣ ਲਈ ਤ੍ਰੈਗੁਣਾਂ ਦੀ ਮਾਇਆ ਰਚ ਦਿੱਤੀ ਜੋ ਕਿ ਉਸ ਦੇ ਇਲਾਹੀ ਕਾਨੂੰਨ ਰਜ਼ਾ ਜਾਂ ਹੁਕਮ ਵਿੱਚ ਸਹਿਜੇ ਹੀ ਚਲ ਰਹੀ ਹੈ। ਜੇਕਰ ਇਸ ਮਾਦੀ ਦੁਨੀਆਂ ਵਿੱਚ ਉਸ ਦੀ ਜੋਤ ਨਾ ਹੁੰਦੀ ਤੇ ਕਾਇਨਾਤ ਨੂੰ ਸਾਂਭਣ ਤੇ ਚਲਾਉਣ ਲਈ ਇਲਾਹੀ ਹੁਕਮ ਨਾ ਹੁੰਦਾ ਤਾਂ ਮਾਦੀ ਨਿਰਜੀਵ ਦੁਨੀਆਂ ਅਵੱਸ਼ ਬੇਮੁਹਾਰੇ ਹੀ ਆਪਸ ਵਿੱਚ ਟਕਰਾ ਟਕਰਾ ਕੇ ਤਬਾਹ ਹੋ ਜਾਂਦੀ। ਪਰ ਕੁਦਰਤ ਦੀ ਹਰ ਸ਼ੈ ਕਿਸੇ ਅਟੱਲ, ਅਭੁੱਲ ਅਤੇ ਪੂਰਨ ਹੁਕਮ ਦੀ ਤਾਰ ਵਿੱਚ ਪ੍ਰੋਤੀ ਹੋਈ ਸਹਿਜੇ ਹੀ ਆਪੋ ਆਪਣਾ ਫ਼ਰਜ਼ ਅਦਾ ਕਰ ਰਹੀ ਹੈ ਤੇ ਇਸੇ ਤਰ੍ਹਾਂ ਜੁਗਾਂ ਜੁਗਾਂਤਰਾਂ ਤੋਂ ਇਲਾਹੀ ਹੁਕਮ ਵਿੱਚ ਇਹ ਕਾਇਨਾਤ ਚਲਦੀ ਆਈ ਹੈ, ਚਲ ਰਹੀ ਹੈ ਅਤੇ ਚਲਦੀ ਰਹੇਗੀ।

ਜਿਸ ਤਰ੍ਹਾਂ ਸੂਰਜ ਤੋਂ ਧੁੱਪ ਉਪਜਦੀ ਹੈ ਤੇ ਧੁੱਪ ਦੀਆਂ ਕਿਰਨਾਂ ਵਿੱਚ ਸੂਰਜ ਦੇ ਸਾਰੇ ਗੁਣ ਹਨ ਅਥਵਾ ਗਰਮੀ, ਰੋਸ਼ਨੀ, ਸ਼ਕਤੀ, ਜੀਵਨ ਸੱਤਾ ਆਦਿ, ਪਰ ਇਨ੍ਹਾਂ ਗੁਣਾਂ ਵਿੱਚੋਂ ਗਰਮੀ ਵਿਸ਼ੇਸ਼ ਗੁਣ ਹੈ ਜਿਸ ਤੋਂ ਬਾਕੀ ਸਾਰੇ ਗੁਣ ਆਪਣੀ ਸੱਤਿਆ ਜਾਂ ਜੀਵਨ ਰੌਂ ਲੈਂਦੇ ਹਨ। ਦੂਜੇ ਸ਼ਬਦਾਂ ਵਿੱਚ ਸੂਰਜ ਵਿੱਚ ਗਰਮੀ ਮੁੱਖ ਕਾਰਣ ਸੱਤਾ ਹੈ ਜਿਸ ਤੋਂ ਬਾਕੀ ਸਾਰੇ ਗੁਣ ਤਾਣ, ਸੱਤਿਆ ਜਾਂ ਜੀਵਨ ਲੈਂਦੇ ਹਨ। ਇਸੇ ਤਰ੍ਹਾਂ ਦੁਨਿਆਵੀ ਮਾਂ ਪਿਆਰ ਜਾਂ ਮੋਹ ਵਿੱਚੋਂ ਬੱਚੇ ਦੀਆਂ ਸਾਰੀਆਂ ਲੋੜਾਂ ਦੀ ਪੂਰਤੀ ਲਈ ਉਦਮ, ਕੁਰਬਾਨੀ, ਆਪਾ ਵਾਰਨਾ, ਮਿਹਰ, ਬਖਸ਼ਿਸ਼, ਸਹਿਨਸ਼ੀਲਤਾ ਅਤੇ ਬੱਚੇ ਦੇ ਪਾਲਣ ਪੋਸ਼ਣ, ਸੁਖ ਆਰਾਮ, ਭਲਾਈ ਅਤੇ ਪ੍ਰਫੁੱਲਤਾ ਲਈ ਸ਼ੁਭ ਇੱਛਾਵਾਂ ਤੇ ਅਸੀਸਾਂ ਮਾਂ ਦੇ ਮਨ ਚਿਤ ਅੰਤਿਸ਼ ਕਰਨ ਵਿੱਚ ਧੱਸ, ਵੱਸ ਰਸ ਕੇ ਸਹਿਜ ਸੁਭਾਏ ਉਪਜਦੇ ਤੇ ਪ੍ਰਗਟ ਹੁੰਦੇ ਰਹਿੰਦੇ ਹਨ। ਇਸ ਤੋਂ ਜ਼ਾਹਿਰ ਹੈ ਕਿ ਮਾਂ ਪਿਆਰ ਦੀ ਭਾਵਨਾ ਵਿੱਚੋਂ ਹੀ ਬੱਚੇ ਦੀ ਭਲਾਈ ਲਈ ਸਾਰੇ ਗੁਣ ਤੇ ਖ਼ਿਆਲ ਉਪਜਦੇ ਹਨ। ਜਿਸ ਨਾਲ ਬੱਚੇ ਦੀ ਪਾਲਣਾ ਅਤੇ ਪ੍ਰਫੁੱਲਤਾ ਹੁੰਦੀ ਰਹਿੰਦੀ ਹੈ ਇਹ ਮਾਂ ਪਿਆਰ ਜਾਂ ਮੋਹ ਦੀ ਛਤਰ ਛਾਇਆ ਬੱਚੇ ਤੇ ਉਨ੍ਹਾਂ ਚਿਰ ਕੰਮ ਕਰਦੀ ਹੈ ਜਿਨ੍ਹਾਂ ਚਿਰ ਬੱਚਾ ਮਾਂ ਦੇ ਖ਼ਿਆਲਾਂ, ਰੀਝਾਂ ਤੇ ਪਿਆਰ ਭਾਵਨਾ ਦੇ ਪ੍ਰਾਇਣ ਜਾਂ ਸੁਰ ਵਿੱਚ ਰਹਿੰਦਾ ਹੈ। ਜਦੋਂ ਬੱਚਾ ਸਿਆਣਾ, ਆਪ ਹੁਦਰਾ ਤੇ ਮਾਂ ਦੀ ਪਿਆਰ ਭਾਵਨਾ ਤੋਂ ਬੇਸੁਰ ਹੋ ਕੇ ਆਪਣੀ ਮਨਮਰਜ਼ੀ ਕਰਦਾ ਹੈ ਤਾਂ

ਉਹ ਮਾਂ ਪਿਆਰ ਦੇ ਨਿੱਘ ਅਤੇ ਸ਼ੁਭ ਇਛਾਵਾਂ ਤੋਂ ਵਾਂਝਾ ਹੁੰਦਾ ਜਾਂਦਾ ਹੈ ਤੇ ਆਪਣੇ ਕਰਮਾਂ ਦਾ ਨਤੀਜਾ ਭੋਗਦਾ ਅਤੇ ਠੋਕਰਾਂ ਖਾਂਦਾ ਹੈ, ਜਿਸ ਲਈ ਉਹ ਖ਼ੁਦ ਜ਼ਿੰਮੇਵਾਰ ਹੁੰਦਾ ਹੈ। ਇਸ ਦਾ ਮਤਲਬ ਇਹ ਹੈ ਕਿ ਜੇਕਰ ਬੱਚਾ ਆਪ ਹੁਦਰਾ ਹੋ ਕੇ ਮਾਂ ਪਿਆਰ ਤੋਂ ਪਰੇ ਹੋ ਜਾਂਦਾ ਹੈ ਤਾਂ ਉਹ ਆਪਣੀਆਂ ਕਰਨੀਆਂ ਦਾ ਨਤੀਜਾ ਆਪ ਭੁਗਤਦਾ ਹੈ। ਫਿਰ ਵੀ ਮਾਂ ਦੇ ਹਿਰਦੇ ਵਿੱਚ ਮਾਂ ਪਿਆਰ ਦੇ ਸ਼ੁਭ ਖ਼ਿਆਲ ਤੇ ਅਸੀਸਾਂ ਉਸੇ ਤਰ੍ਹਾਂ ਕਾਇਮ ਰਹਿੰਦੇ ਹਨ ਤੇ ਜਦ ਵੀ ਉਹ ਬੱਚਾ ਆਪਣੀ ਸਿਆਣਪ ਤੇ ਆਪ ਹੁਦਰੇਪਣ ਤੋਂ ਦੁੱਖੀ ਹੋ ਕੇ ਮਾਂ ਕੋਲ ਵਾਪਸ ਆਉਂਦਾ ਹੈ ਤਾਂ ਮਾਂ ਉਸ ਨੂੰ ਫਿਰ ਗਲ ਲਾਉਂਦੀ ਹੈ ਤੇ ਆਪਣਾ ਨਿੱਘਾ ਪਿਆਰ ਤੇ ਸ਼ੁਭ ਅਸੀਸਾਂ ਦਿੰਦੀ ਹੈ।

– ਜੇ ਅਤਿ ਕ੍ਰੋਧ ਕਰੇ ਕਰਿ ਧਾਇਆ॥ ਤਾ ਭੀ ਚੀਤਿ ਨ ਰਾਖਸਿ ਮਾਇਆ॥ (੪੭੮)

ਇਹ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਕਿ ਮੈਂ ਮੇਰੀ ਵਿੱਚ ਆ ਕੇ ਅਸੀਂ ਜੋ ਉਸ ਦੀ ਆਪਣੀ ਅੰਸ਼ ਹਾਂ, ਦੂਜੇ ਭਾਵ ਵਿੱਚ ਆ ਕੇ ਜਾਂ ਮਾਇਆ ਦੀ ਲਪੇਟ ਵਿੱਚ ਆ ਕੇ ਜਾਂ ਪੰਜਾਂ ਕਾਮਾਦਿਕਾਂ ਦੇ ਵੱਸ ਪੈ ਕੇ ਅਣਗਹਿਲੀ ਕਰਦੇ ਹਾਂ ਅਤੇ ਉਸ ਦੇ ਪਿਆਰ ਤੋਂ ਮੂੰਹ ਮੋੜਦੇ ਹਾਂ ਤਾਂ ਉਸ ਸਦਬਖ਼ਸ਼ਿੰਦੁ ਇਲਾਹੀ ਮਾਤਾ ਦੇ "ਪ੍ਰਸਾਦਿ" ਤੋਂ ਸਖਣੇ ਰਹਿ ਜਾਂਦੇ ਹਾਂ। ਪਰ ਫਿਰ ਵੀ ਜੇ ਉਸ ਦੀ ਆਤਮਾ ਸਤਸੰਗ ਦੁਆਰਾ ਕਿਸੇ ਤਰ੍ਹਾਂ ਜਾਗ ਪਵੇ ਤੇ ਉਹ ਠੱਗਣੀ ਮਾਇਆ ਦੇ ਜਾਲ ਵਿੱਚੋਂ ਨਿਕਲਣ ਲਈ ਜਾਂ ਪ੍ਰਮਾਤਮਾ ਦੀ ਜਾਂ ਇਲਾਹੀ ਮਾਤਾ ਦੀ ਸ਼ਰਨ ਆਵੇ ਤਾਂ ਉਹ ਆਪਣੇ ਬਿਰਦ ਨੂੰ ਪਾਲਦੀ ਹੋਈ, ਇਲਾਹੀ ਮਾਤਾ ਉਸ ਤੇ ਮਿਹਰਬਾਨ ਹੁੰਦੀ ਹੈ ਤੇ ਫਿਰ ਉਸ ਨੂੰ ਇਹ ਸਭ ਰੰਗ, ਰਸ, ਰੂਪ ਆਦਿ ਮਾਣ ਸਕਣ ਦੀ ਬਖ਼ਸ਼ਿਸ਼ ਕਰਦੀ ਹੈ।

– ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥ (੫੪੪)

– ਜੋ ਤੇਰੀ ਸਰਣਾਈ ਹਰਿ ਜੀਉ ਤਿਨ ਕੀ ਕਰਹਿ ਪ੍ਰਤਿਪਾਲ॥ (੧੩੩੩)

ਕਾਦਰ ਨੇ ਆਪਣੇ "ਕਵਾਉ" ਨਾਲ ਜਲ, ਥਲ, ਹਵਾ, ਅਕਾਸ਼ ਅਤੇ ਪਾਤਾਲ ਵਿੱਚ ਬਨਸਪਤੀ, ਪਸ਼ੂ, ਪੰਛੀ ਅਤੇ ਕੀਟ ਪਤੰਗਿਆਂ ਦੇ ਰੂਪ ਵਿੱਚ ਅਨੇਕ ਭਾਂਤ ਦੀ ਕੁਦਰਤ ਰਚੀ, ਫਿਰ ਰਚੀ ਹੀ ਨਹੀਂ ਸਗੋਂ ਇਸ ਨੂੰ ਭਾਂਤ ਭਾਂਤ ਦੇ ਅਨੇਕਾਂ ਰੰਗਾਂ, ਖੁਸ਼ਬੂਆਂ, ਸੁਆਦਾਂ, ਸੂਰਤਾਂ ਅਤੇ ਆਕਾਰਾਂ ਵਿੱਚ ਰੱਜ ਰੱਜ ਕੇ ਸ਼ਿੰਗਾਰਿਆ। ਕੀ ਇਹ ਸਭ ਕਰਤੇ ਦਾ "ਪ੍ਰਸਾਦਿ" ਨਹੀਂ? ਜਿਵੇਂ ਅਨੇਕਾਂ ਪ੍ਰਕਾਰ ਦੇ ਬੇਹੱਦ ਖੂਬਸੂਰਤ ਫੁੱਲਾਂ ਵਿੱਚੋਂ ਜੇਕਰ ਅਸੀਂ ਕਿਸੇ ਵੀ ਫੁੱਲ ਦੀ ਖੂਬਸੂਰਤੀ ਦਾ, ਉਸ ਦੇ ਰੰਗਾਂ ਦਾ, ਉਸ ਦੀ ਖੁਸ਼ਬੂ ਦਾ ਅਤੇ ਉਸ ਉੱਤੇ ਝੂਮ ਝੂਮ ਕੇ ਬਾਉਰੇ ਹੁੰਦੇ ਭੌਰੇ ਦਾ ਦ੍ਰਿਸ਼ ਅਤੇ ਸ਼ਹਿਰ ਦੀ ਮੱਖੀ ਵਾਂਗ ਉਸ ਵਿਚਲੇ ਰਸ ਨੂੰ ਨਹੀਂ ਮਾਣਦੇ ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ "ਗੁਰ ਪ੍ਰਸਾਦਿ" ਨਹੀਂ ਹੈ ਸਗੋਂ ਸਾਡੀ ਆਪਣੀ ਸਿਆਣਪ ਅਤੇ ਮੈਲ ਕਰਕੇ ਅਸੀਂ ਉਪਰੋਕਤ ਦਾਤਾਂ ਅਤੇ ਬਖ਼ਸ਼ਿਸ਼ਾਂ ਨਹੀਂ ਮਾਣਦੇ ਤੇ ਆਪਣੇ ਆਪ ਹੀ ਇਸ "ਪ੍ਰਸਾਦਿ" ਤੋਂ ਵਾਂਝੇ ਰਹਿ ਜਾਂਦੇ ਹਾਂ।

ਇਸੇ ਤਰ੍ਹਾਂ ਅਨੇਕਾਂ ਪ੍ਰਕਾਰ ਦੇ ਫਲਾਂ ਵਿੱਚ ਉਹ ਰਸ ਰੂਪ ਹੋ ਕੇ ਆਪਣਾ "ਪ੍ਰਸਾਦਿ" ਦੇ ਰਿਹਾ ਹੈ ਪਰ ਅਸੀਂ ਕਿੰਨੀ ਕੁ ਵਾਰੀ ਕਦੇ ਕੋਈ ਫਲ ਖਾਣ ਤੋਂ ਪਹਿਲਾਂ ਉਸ ਦੀ ਸ਼ਕਲ ਸੂਰਤ ਦੀ ਖੂਬਸੂਰਤੀ ਨੂੰ ਮਾਣਦੇ ਹਾਂ ਜਾਂ ਉਸ ਦੇ ਰੰਗਾਂ ਨੂੰ ਮਾਣਦੇ ਹਾਂ, ਸਗੋਂ ਬਹੁਤੀ ਵਾਰੀ ਤਾਂ ਜੀਭ ਰਸ ਅਥਵਾ ਖਾਣ ਦਾ ਸੁਆਦ ਵੀ ਚੰਗੀ ਤਰ੍ਹਾਂ ਨਹੀਂ ਮਾਣਦੇ। ਕੀ ਇਸ ਸਭ ਕੁਝ ਨਾਲ ਉਸ ਵੱਲੋਂ ਲਗਾਤਾਰ ਕੀਤੀ ਜਾਂਦੀ ਬਖ਼ਸ਼ਿਸ਼ ਅਥਵਾ "ਗੁਰਪ੍ਰਸਾਦਿ" ਤੋਂ ਅਸੀਂ ਆਪਣੇ ਆਪ ਨੂੰ ਸੱਖਣਾ ਨਹੀਂ ਕਰ ਲੈਂਦੇ?

ਮਾਂ ਬੱਚੇ ਦੇ ਮਾਨਸਿਕ ਅਤੇ ਸਰੀਰਕ ਸੰਬੰਧ ਵਿੱਚ ਪਿਆਰ ਭਾਵਨਾ ਦੀ ਤਾਰ ਹਮੇਸ਼ਾਂ ਵਗ ਰਹੀ ਹੈ ਜੋ ਕਿ ਬੱਚੇ ਦੇ ਜੰਮਣ ਤੋਂ ਪਹਿਲਾਂ ਬੇਸ਼ਕ ਛੁਪੀ ਹੁੰਦੀ ਹੈ ਪਰ ਬਾਅਦ ਵਿੱਚ ਬੱਚੇ ਦੇ ਰੁੱਸਣ ਜਾਂ ਬੇਮੁੱਖ ਹੋ ਜਾਣ ਤੇ ਵੀ ਮਿਟਦੀ ਨਹੀਂ। ਦੂਜੇ ਸ਼ਬਦਾਂ ਵਿੱਚ ਮਾਂ ਪਿਆਰ ਦੀ ਭਾਵਨਾ ਦੀ ਹੋਂਦ ਸਦੀਵੀ ਤਾਂ ਹੈ ਪਰ ਤ੍ਰੈਗੁਣਾਂ ਦੇ ਕਾਨੂੰਨ ਜਾਂ ਕਾਰਨ ਤੋਂ ਪਰੇ ਨਹੀਂ ਹੈ। ਫਿਰ ਵੀ ਮਾਂ ਦਾ ਹਿਰਦਾ ਸਦ ਬਖਸਿੰਦੁ ਤੇ ਸਦਾ ਮਿਹਰਵਾਨਾ ਹੈ ਤੇ ਉਸ ਦੀ ਆਪਣੇ ਬੱਚੇ ਪ੍ਰਤੀ ਇਹ ਭਾਵਨਾ ਕਿਸੇ ਵੀ ਕਾਰਨ ਕਰਕੇ ਮਿੱਟ ਨਹੀਂ ਸਕਦੀ, ਇਸੇ ਕਰਕੇ ਇਸ ਮਾਂ ਪਿਆਰ ਦੀ ਭਾਵਨਾ ਦੀ ਖੁਸ਼ਬੋ ਦੇ ਪ੍ਰਗਟਾਵੇ ਨੂੰ ਬਖ਼ਸ਼ਿਸ਼, ਮਿਹਰ, ਪ੍ਰਸਾਦਿ ਕਿਹਾ ਜਾ ਸਕਦਾ ਹੈ। ਸਾਰੀਆਂ ਮਾਵਾਂ ਦੇ ਹਿਰਦੇ ਅੰਦਰ ਇਸ ਮਾਂ ਪਿਆਰ

ਜਾਂ ਮੋਹ ਦੀ ਦਾਤ ਪ੍ਰਮੇਸ਼ਰ ਦੀ ਬਖ਼ਸ਼ਿਸ਼ ਹੈ। ਇਸ ਲਈ ਅੰਤ੍ਰੀਵ ਤੌਰ 'ਤੇ ਪ੍ਰਮੇਸ਼ਰ ਹੀ ਅਸਲੀ, ਮੁੱਢਲੀ ਅਤੇ ਇਲਾਹੀ ਮਾਤਾ ਹੈ। ਇਹ ਇਲਾਹੀ ਮਾਤਾ ਹੀ ਸਾਰਿਆਂ ਜੀਵਾਂ ਨੂੰ ਅਰਥਾਤ ਆਪਣੇ ਉਪਜਾਏ ਅੰਸ਼ ਨੂੰ, ਆਪਣੇ ਇਲਾਹੀ, ਅਮੁੱਕ, ਅਟੱਲ ਅਤੇ ਸਦੀਵੀ ਪਿਆਰ ਨਾਲ ਲਾਡ ਲਡਾਉਂਦੀ, ਖੇਲ ਖਿਲਾਉਂਦੀ, ਸਦ ਬਖਸਿੰਦੁ, ਸਦਾ ਮਿਹਰਵਾਨ, ਅਉਗੁਣ ਕੋ ਨਾ ਚਿਤਾਰੇ, ਅਣਮੰਗਿਆ ਦਾਨ ਬਸ਼ਸ਼ਦੀ ਰਹਿੰਦੀ ਹੈ। ਇਸੇ ਨੂੰ ਗੁਰਬਾਣੀ ਵਿੱਚ "ਸਤਿਗੁਰ ਪ੍ਰਸਾਦਿ" ਕਿਹਾ ਗਿਆ ਹੈ ਕਿਉਂਕਿ ਇਹ "ਪ੍ਰਸਾਦਿ" ਜਾਂ ਬਖ਼ਸ਼ਿਸ਼ ਸਾਡੀ ਕਿਸੇ ਘਾਲਣਾ ਜਾਂ ਕਰਤਵ ਤੇ ਆਧਾਰਤ ਨਹੀਂ ਹੈ। ਇਹ ਤਾਂ ਪ੍ਰੇਮ ਸਰੂਪ ਪ੍ਰਮੇਸ਼ਰ ਦੀ ਹੋਂਦ ਵਿੱਚੋਂ ਖੁਸ਼ਬੋ ਦੀ ਤਰ੍ਹਾਂ ਸਹਿਜ ਸੁਭਾ, ਆਪ ਮੁਹਾਰੇ ਹੀ ਸਦੀਵੀ ਤੌਰ 'ਤੇ ਉਪਜ, ਉਮਡ ਤੇ ਪ੍ਰਕਾਸ਼ ਹੋ ਰਹੀ ਹੈ ਅਤੇ "ਗੁਰ ਪ੍ਰਸਾਦਿ" ਕਾਨੂੰਨ ਬੱਧ ਨਹੀਂ ਹੈ ਤੇ ਨਾ ਹੀ ਇਸ ਲਈ ਕੋਈ ਸ਼ਰਤ ਹੈ। ਇਹ ਤਾਂ ਪ੍ਰਮੇਸ਼ਰ ਦਾ ਸਹਿਜ ਸੁਭਾਇ ਸਦੀਵੀ ਅਟੱਲ ਅਮੁੱਕ ਪ੍ਰਕਾਸ਼ ਹੈ, ਮਹਿਕ ਹੈ, ਦਾਤ ਹੈ, ਜੋ ਕਿਸੇ ਗੱਲੋਂ ਨਾ ਵੱਧਦੀ ਹੈ ਤੇ ਨਾ ਘੱਟਦੀ ਹੈ, ਜਿਸ ਤਰ੍ਹਾਂ ਸੂਰਜ ਦੀ ਪ੍ਰਕਾਸ਼ ਮਈ ਧੁੱਪ। ਇਸ ਲਾਭਦਾਇਕ ਤੇ ਸੁੱਖਦਾਇਕ ਧੁੱਪ ਲਈ ਨਾ ਅਸੀਂ ਕਦੇ ਮੰਗ ਕੀਤੀ ਹੈ, ਨਾ ਉੱਦਮ, ਨਾ ਘਾਲਣਾ, ਇਹ ਤਾਂ ਸਗੋਂ ਸਹਿਜ ਸੁਭਾਇ, ਆਪ ਮੁਹਾਰੇ ਸਦੀਵੀ ਸਾਨੂੰ ਮਿਲ ਰਹੀ ਹੈ। ਇਸ ਲਈ ਇਹ ਨਿਰੋਲ ਪ੍ਰਮੇਸ਼ਰ ਦੀ ਬਖ਼ਸ਼ਿਸ਼ ਜਾਂ "ਪ੍ਰਸਾਦਿ" ਹੈ।

ਇਸੇ ਤਰ੍ਹਾਂ ਸਾਨੂੰ ਅਣਮੰਗਿਆਂ ਹੀ ਹੋਰ ਅਨੇਕਾਂ ਪਿਆਰ ਦਾਤਾਂ ਪ੍ਰਮੇਸ਼ਰ ਦਾਤੇ ਵੱਲੋਂ ਸਦੀਵੀ ਮਿਲ ਰਹੀਆਂ ਹਨ, ਜਿਸ ਤਰ੍ਹਾਂ ਕਿ ਹਵਾ, ਪਾਣੀ, ਅੱਗ, ਅਨਾਜ, ਫਲ ਆਦਿ। ਅਸਚਰਜਤਾ ਇਸ ਗੱਲ ਦੀ ਹੈ ਕਿ ਕਾਇਨਾਤ ਦੀ ਰਚਨਾ ਦੇ ਨਾਲ ਹੀ ਇਹ ਸਾਰੀਆਂ ਬੇਅੰਤ ਅਣਮੰਗੀਆਂ ਇਲਾਹੀ ਦਾਤਾਂ ਵੀ ਅਕਾਲ ਪੁਰਖ ਨੇ ਸਾਡੇ ਲਈ ਬਹੁਲਤਾ ਵਿੱਚ ਬਖ਼ਸ਼ ਦਿੱਤੀਆਂ ਹਨ ਤੇ ਇਨ੍ਹਾਂ ਦੇ ਸਦੀਵੀ ਮਿਲਦੇ ਰਹਿਣ ਦਾ ਪ੍ਰਬੰਧ ਵੀ ਕੀਤਾ ਗਿਆ ਹੈ।

– ਤੇਰੀਆ ਸਦਾ ਸਦਾ ਚੰਗਿਆਈਆ॥ ਮੈ ਰਾਤਿ ਦਿਹੈ ਵਡਿਆਈਆਂ॥
ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ॥ (੭੩)

ਸਭ ਜੀਵਾਂ ਵਿੱਚ ਅਕਾਲ ਪੁਰਖ ਦੀ ਜੋਤ ਹੋਣ ਕਾਰਨ ਅਸੀਂ ਪ੍ਰਮੇਸ਼ਰ ਦੀ ਅੰਸ਼ ਹਾਂ ਤੇ ਅਕਾਲ ਪੁਰਖ ਨੇ ਆਪਣੇ "ਇਕ ਕਵਾਉ" ਦੁਆਰਾ ਬੇਅੰਤ ਅਤੇ ਭਿੰਨ ਭਿੰਨ ਰੰਗਾਂ ਰੇਖਾਂ ਵਾਲੀ ਆਪਣੀ ਉਮਤ ਰਚ ਦਿੱਤੀ ਅਤੇ ਨਾਲ ਹੀ ਆਪਣੀ ਅੰਸ਼ ਲਈ ਹਰ ਤਰ੍ਹਾਂ ਦੀਆਂ ਲੋੜਾਂ ਦੀ ਪੂਰਤੀ ਲਈ ਇੱਕੋ ਵਾਰੀ ਬੇਅੰਤ ਅਤੇ ਅਮੁੱਕ ਦਾਤਾਂ ਬਖਸ਼ ਦਿੱਤੀਆਂ ਹਨ ਤਾਂ ਕਿ ਅਸੀਂ ਬੇਫ਼ਿਕਰ ਅਤੇ ਬੇਪਰਵਾਹ ਹੋ ਕੇ ਤ੍ਰੈਗੁਣਾਂ ਦੀ ਮਾਇਕੀ ਦੁਨੀਆਂ ਦੀ ਖੇਲ, ਪਰਪੰਚ ਵਿੱਚ ਆਪੋ ਆਪਣਾ ਪਾਰਟ ਅਦਾ ਕਰਦੇ ਹੋਏ ਲੋਕ ਸੁਖੀ ਤੇ ਪ੍ਰਲੋਕ ਸੁਹੇਲੇ ਹੋ ਸਕੀਏ।

ਅਸਲ ਵਿੱਚ ਜੋ ਕੁੱਝ ਇਲਾਹੀ "ਕਵਾਉ" ਤੋਂ ਉਪਜਿਆ ਹੈ, ਉਹ ਸਭ ਕੁੱਝ ਹੀ "ਗੁਰਪ੍ਰਸਾਦਿ" ਦਾ ਪ੍ਰਗਟਾਵਾ ਹੈ। ਉਹ ਪ੍ਰਮੇਸ਼ਰ ਆਪ ਹੀ ਪ੍ਰੇਮ ਪੁਰਖ, ਅਤਿ ਪ੍ਰੀਤਮ, ਮਾਤਾ ਪਿਤਾ ਹੈ। ਇਸ ਲਈ ਉਸ ਦਾ "ਕਵਾਉ" ਜਾਂ ਰਚਨਾ ਵੀ ਇਲਾਹੀ ਪਿਆਰ ਦਾ ਹੀ ਪ੍ਰਗਟਾਵਾ ਜਾਂ ਪ੍ਰਕਾਸ਼ ਹੈ। ਜਿਸ ਨੂੰ ਬਾਣੀ ਵਿੱਚ ਹੁਕਮ ਕਿਹਾ ਗਿਆ ਹੈ। ਇਸ ਇਲਾਹੀ ਪਿਆਰ ਦੇ ਪ੍ਰਗਟਾਵੇ ਜਾਂ ਪ੍ਰਕਾਸ਼ ਦੀ ਕ੍ਰਿਆ ਹੀ ਉਸ ਦੀ ਬਖ਼ਸ਼ਿਸ਼, ਮਿਹਰ, ਕਿਰਪਾ ਅਤੇ "ਗੁਰਪ੍ਰਸਾਦਿ" ਹੈ।

ਕੁਦਰਤ ਦੀ ਚਾਲ ਦੀ ਇੱਕ ਖ਼ਾਸ ਰਵਾਨਗੀ ਹੈ ਪਰ ਕਦੇ ਕਦੇ ਇਸ ਦੀ ਚਾਲ ਵਿੱਚ ਜਵਾਰ ਭਾਟਾ ਉਬਾਲ ਜਾਂ ਉਛਾਲ ਭੀ ਆ ਜਾਂਦਾ ਹੈ ਜਿਵੇਂ ਤੂਫ਼ਾਨ, ਹੜ੍ਹ ਆਦਿ। ਇਸੇ ਤਰ੍ਹਾਂ ਇਨਸਾਨੀ ਵਲਵਲਿਆਂ ਵਿੱਚ ਵੀ ਉਛਾਲ ਤੇ ਉਬਾਲ ਆਉਂਦੇ ਹਨ। ਜਿਵੇਂ ਮਾਂ ਦੇ ਹਿਰੇ ਵਿੱਚ ਆਪਣੇ ਬੱਚੇ ਲਈ ਸਹਿਜ ਸੁਭਾਇ ਇੱਕ ਪਿਆਰ ਦੀ ਰੌਂ ਰਵਿ ਰਹੀ ਹੁੰਦੀ ਹੈ ਪਰ ਕਦੇ ਕਦੇ ਬੱਚੇ ਦੇ ਵਿਛੋੜੇ ਵਿੱਚ ਪਿਆਰ ਦੇ ਵਲਵਲੇ ਵੈਰਾਗ ਰੂਪ ਧਾਰ ਕੇ ਅੱਖਾਂ ਵਿੱਚੋਂ ਵਗ ਤੁਰਦੇ ਹਨ। ਇਸੇ ਤਰ੍ਹਾਂ ਜਦੋਂ ਬੱਚੇ ਭੋਲੇ ਭਾਇ ਕਿਸੇ ਪਿਆਰਮਈ ਹਰਕਤ ਨਾਲ ਮਾਂ ਨੂੰ ਰਿਝਾ ਲੈਂਦਾ ਹੈ ਤਾਂ ਮਾਂ ਦੇ ਹਿਰਦੇ ਵਿੱਚ ਭੀ ਬੱਚੇ ਲਈ ਅਸਾਧਾਰਨ ਪਿਆਰ ਉਮੱਡ ਆਉਂਦਾ ਹੈ ਤੇ ਇਸ ਤੀਬਰ ਮਾਂ ਪਿਆਰ ਦੇ ਵਲਵਲਿਆਂ ਦੇ ਉਛਾਲ ਵਿੱਚ ਮਾਂ ਦਾ ਸਾਰਾ ਆਪਾ, ਜੁੱਸਾ ਪਿਘਲ ਕੇ, ਉਬਲ ਕੇ ਉਸ ਦੀਆਂ ਅਸਾਧਾਰਨ ਹਰਕਤਾਂ ਵਿੱਚ ਜ਼ਾਹਰ ਹੁੰਦਾ ਹੈ ਤੇ ਉਹ ਬੱਚੇ ਨੂੰ ਅਨੋਖੇ ਢੰਗਾਂ ਨਾਲ ਲਾਡ ਕਰਦੀ ਹੈ, ਖਿਡਾਉਂਦੀ ਹੋਈ, ਸੋਹਣੇ ਪਿਆਰ ਭਾਵਨਾ ਵਾਲੇ ਸ਼ਬਦਾਂ ਨਾਲ ਸੰਬੋਧਨ ਕਰਦੀ ਹੈ। ਉਸਦੇ ਡੂੰਘੇ ਪ੍ਰੇਮ ਭਰੇ ਹਿਰਦੇ ਵਿੱਚੋਂ ਬੱਚੇ ਲਈ ਅਨੇਕਾਂ ਸ਼ੁਭ ਇੱਛਾਵਾਂ ਤੇ ਅਸੀਸਾਂ ਸਹਿਜੇ ਹੀ ਫੁੱਟ ਨਿਕਲਦੀਆਂ ਹਨ। ਮਾਂ ਦਾ ਖੂਨ ਤੇ ਸਾਰਾ ਜੁੱਸਾ, ਪਿਆਰ ਨਿੱਘ ਨਾਲ ਪਿਘਲ ਕੇ, ਦੁੱਧ ਦੇ ਰੂਪ ਵਿੱਚ ਬਦਲ ਕੇ,

ਉਸਦੀਆਂ ਛਾਤੀਆਂ ਵਿੱਚ ਭਰ ਕੇ ਉਛਲ ਕੇ ਵਗ ਟੁਰਦਾ ਹੈ। ਇਸ ਸਾਰੀ ਖੇਲ ਮਾਂ ਪਿਆਰ ਦੇ ਪ੍ਰੇਮ ਭਾਵਨਾ ਦੇ ਤੀਬਰ ਵੇਗ ਦੇ ਉਛਾਲ ਦਾ ਪ੍ਰਗਟਾਵਾ ਯਾ ਜਾਦੂ ਹੈ। ਇਸ ਤਰ੍ਹਾਂ ਇਹ ਗ਼ੈਰ ਮਾਮੂਲੀ ਕੁਦਰਤ ਦੇ ਤਰੰਗ ਜਾਂ ਉਛਾਲ ਕਈ ਵਾਰੀ ਸਾਧਾਰਨ ਕੁਦਰਤੀ ਨਿਯਮਾਂ ਤੋਂ ਬਾਹਰ ਹੋ ਵਰਤਦੇ ਹਨ।

ਐਨ ਏਸੇ ਤਰ੍ਹਾਂ, ਰੱਬ ਦੇ ਭਗਤ ਜਾਂ ਪਿਆਰੇ, ਜਦ ਕਦੇ ਭੋਲੇ ਭਾਇ ਰੱਬੀ ਪਿਆਰ ਵਿੱਚ ਮਤਵਾਲੇ ਹੋ ਕੇ, ਸ਼ਰਧਾ ਭਾਵਨੀ ਦੀ ਤੀਬਰਤਾ ਵਿੱਚ ਸਹਿਜ ਸੁਭਾਇ ਕੋਈ ਸ਼ਰਧਾ ਦੀ ਭੇਟਾ ਪੇਸ਼ ਕਰਦੇ ਹਨ ਤਾਂ ਮਾਂ ਦੀ ਤਰ੍ਹਾਂ ਆਪਣੇ ਪਿਆਰ ਭਗਤ ਦੇ ਅਨੋਖੇ, ਭੋਲੇ ਭਾਇ ਪ੍ਰੇਮ ਭਾਵਨਾ ਦੇ ਜਵਾਬ ਵਿੱਚ, ਪ੍ਰਮੇਸ਼ਰ ਭੀ ਆਪਣੇ ਪਿਆਰੇ ਭਗਤ ਤੇ ਰੀਝ ਕੇ ਉਛਲਦਾ ਹੈ ਤਾਂ ਆਪਣੇ ਦਰੋਂ ਘਰੋਂ ਇਲਾਹੀ ਦਾਤਾਂ ਨਾਮ, ਪ੍ਰਿਮ ਪਿਆਲਾ ਅਤੇ ਸੇਵਾ ਆਦਿ ਤੇ ਹੋਰ ਅਨੇਕਾਂ ਮੂੰਹ ਮੰਗੀਆਂ ਦਾਤਾਂ ਦੇ ਗੱਫ਼ੇ ਬਖ਼ਸ਼ਦਾ ਹੈ ਜਿਸ ਨੂੰ ਗੁਰਬਾਣੀ ਵਿੱਚ ਗੁਰਪ੍ਰਸਾਦਿ ਅਥਵਾ ਨਦਰਿ ਕਰਮ ਕਿਹਾ ਗਿਆ ਹੈ, ਤੇ ਜਿਸ ਦੀਆਂ ਸਿੱਖਾਂ ਦੇ ਧਾਰਮਿਕ ਇਤਿਹਾਸ ਵਿੱਚ ਅਨੇਕਾਂ ਮਿਸਾਲਾਂ ਮਿਲਦੀਆਂ ਹਨ।

– ਭਾਵਨੀ ਭਗਤਿ ਭਾਇ ਕਉਡੀ ਅਗ੍ਰ ਭਾਗ ਰਾਖੈ
ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ॥ (ਕਬਿਤ ਭਾ: ਗੁ: ੧੧੧)

ਇੱਥੇ ਇੱਕ ਹੋਰ ਜ਼ਰੂਰੀ ਨੁਕਤਾ ਸਮਝਣ ਦੀ ਲੋੜ ਹੈ, ਬੱਚੇ ਲਈ ਪਿਆਰ ਦੀ ਭਾਵਨਾ, ਦੁਨਿਆਵੀ ਮਾਂ ਦੇ ਤਨ ਮਨ ਵਿੱਚ ਰਚੀ ਹੁੰਦੀ ਹੈ ਤੇ ਉਸ ਦੇ ਹਰ ਕਿਸਮ ਦੇ ਖ਼ਿਆਲਾਂ, ਸੋਚਣੀ ਤੇ ਕਾਰਜਾਂ ਵਿੱਚ ਉਸ ਦੀ ਇਹ ਪਿਆਰ ਭਾਵਨਾ, ਆਪ ਮੁਹਾਰੇ ਉਪਜਦੀ ਤੇ ਰੁਮਕਦੀ ਹੋਈ ਸਹਿਜ ਸੁਭਾਇ ਹੀ ਹਰਕਤ ਵਿੱਚ ਆਉਂਦੀ ਹੈ। ਇਸੇ ਤਰ੍ਹਾਂ ਪਿਆਰ ਰੌਂ ਜਾਂ ਬਖਸ਼ਿਸ਼ ਜਾਂ "ਗੁਰਪ੍ਰਸਾਦਿ" ਸਦੀਵੀ, ਅਟੁੱਟ, ਅਮੁੱਕ ਅਤੇ ਲਗਾਤਾਰੀ ਹੈ ਜੋ ਇਲਾਹੀ ਮਾਤਾ ਪਿਤਾ ਦੀ ਹੋਂਦ ਵਿੱਚੋਂ ਉਮਡ ਕੇ, ਉਛਲ ਕੇ ਅਤੇ ਪ੍ਰਕਾਸ਼ਤ ਹੋ ਕੇ ਕਾਇਨਾਤ ਦੀ ਹਰ ਸ਼ੈ ਦੇ ਜ਼ੱਰੇ ਜ਼ੱਰੇ ਵਿੱਚ ਪ੍ਰਵੇਸ਼ ਅਤੇ ਪ੍ਰਵਿਰਤ ਹੋ ਕੇ ਸਗਲ ਜੀਆਂ ਨੂੰ ਜੀਅ ਦਾਨ ਦਿੰਦਾ ਹੈ।

ਇਸ ਲਗਾਤਾਰ ਪ੍ਰੇਮ ਰੌਂ ਦੇ ਵੇਗ ਦਾ ਨਾਉਂ ਹੀ "ਗੁਰਪ੍ਰਸਾਦਿ" ਹੈ। ਇਸ ਦੀ ਰਵਾਨਗੀ ਨੂੰ ਹੀ ਹੁਕਮ ਕਿਹਾ ਗਿਆ ਹੈ। ਇਸ ਇਲਾਹੀ ਜੀਵਨ ਰੌਂ ਦੀ ਚਾਲ ਜੀਵ ਵਿੱਚ ਉਨਾਂ ਚਿਰ ਵਗਦੀ ਰਹਿੰਦੀ ਹੈ ਜਿੰਨਾ ਚਿਰ ਤੱਕ ਜੀਵ ਆਪ ਇਸ ਰਵਾਨਗੀ ਵਿੱਚ ਸਿਆਣਪ ਅਥਵਾ ਹਉਮੈ ਦੁਆਰਾ ਕੋਈ ਵਿਘਨ ਨਾ ਪਾਵੇ। ਸੂਰਜ ਦੀ ਧੁੱਪ ਤੋਂ ਅਸੀਂ ਉਨਾਂ ਚਿਰ ਨਿੱਘ ਲੈ ਸਕਦੇ ਹਾਂ ਜਦ ਤੱਕ ਸੂਰਜ ਦੀ ਹੋਂਦ ਤੋਂ ਓਹਲੇ ਨਾ ਹੋਈਏ। ਜੇਕਰ ਅਸੀਂ ਸੁਖਦਾਈ ਧੁੱਪ ਤੋਂ ਵਾਂਝੇ ਹੁੰਦੇ ਹਾਂ ਤਾਂ ਇਸ ਵਿੱਚ ਸਾਡੀ ਆਪਣੀ ਅਣਗਹਿਲੀ ਹੈ, ਨਾ ਕਿ ਸੂਰਜ ਦੀ। ਜਦ ਜੀਵ ਪ੍ਰਮੇਸ਼ਰ ਨੂੰ ਭੁੱਲ ਕੇ ਬੇਮੁੱਖ ਹੋ ਜਾਂਦੇ ਹਨ ਤਾਂ ਇਲਾਹੀ ਬਖ਼ਸ਼ਿਸ਼ ਜਾਂ "ਗੁਰਪ੍ਰਸਾਦਿ" ਦੀ ਰਵਾਨਗੀ ਵਿੱਚ ਵਿਘਨ ਪੈ ਜਾਂਦਾ ਹੈ ਤਾਂ ਜੀਵ ਇਲਾਹੀ ਬਖ਼ਸ਼ਿਸ਼ ਤੋਂ ਵਾਂਝਿਆਂ ਹੋ ਜਾਂਦਾ ਹੈ ਤੇ ਆਪ ਹੁਦਰੇ ਜਾਂ ਭੁੱਲੇ ਹੋਏ ਬੱਚੇ ਵਾਂਗ "ਗੁਰਪ੍ਰਸਾਦਿ" ਦੀ ਫੁਹਾਰ ਦੀ ਠੰਡਕ ਤੋਂ ਸਖਣੇ ਹੋ ਕੇ ਮਾਇਆ ਦੇ ਅਧੀਨ "ਜੋ ਮੈ ਕੀਆ ਸੋ ਮੈ ਪਾਇਆ" ਅਨੁਸਾਰ ਕਰਮ ਕਰਦਾ ਅਤੇ ਨਤੀਜੇ ਭੁਗਤਦਾ ਹੈ। ਜਦੋਂ ਅਸੀਂ ਆਪਣੀ ਇਲਾਹੀ ਮਾਤਾ ਨੂੰ ਭੁੱਲ ਜਾਂਦੇ ਹਾਂ ਤਾਂ ਅਸੀਂ ਆਪ ਹੀ ਗੁਰਪ੍ਰਸਾਦਿ ਦੀ ਰਵਾਨਗੀ ਵਿੱਚ ਵਿਘਨ ਪਾ ਦਿੰਦੇ ਹਾਂ ਤੇ ਗੁਰਪ੍ਰਸਾਦਿ ਤੋਂ ਆਪਣੇ ਆਪ ਹੀ ਸੱਖਣੇ ਹੋ ਜਾਂਦੇ ਹਾਂ ਜੇ ਫਿਰ ਅਸੀਂ ਭੁੱਲ ਵਿੱਚੋਂ ਨਿਕਲ ਕੇ, ਇਲਾਹੀ ਮਾਤਾ ਦੀ ਯਾਦ ਜਾਂ ਸਿਮਰਨ ਵਿੱਚ ਲਗ ਜਾਈਏ ਤਾਂ ਸਾਡੇ ਮਨ ਦੀ ਡੋਰ, ਇਲਾਹੀ ਰਵਾਨਗੀ ਨਾਲ ਜੁੜ ਜਾਏਗੀ ਤੇ ਅਸੀਂ ਮੁੜ "ਗੁਰਪ੍ਰਸਾਦਿ" ਦੀ ਛਤਰ-ਛਾਇਆ ਹੇਠ ਇਲਾਹੀ ਪਿਆਰ ਮਾਣ ਸਕਾਂਗੇ।

– ਦੁਖੁ ਤਦੇ ਜਾ ਵਿਸਰਿ ਜਾਵੈ॥ ਭੁਖ ਵਿਆਪੈ ਬਹੁ ਬਿਧਿ ਧਾਵੈ॥ (੯੮)

– ਤੁਧੁ ਚਿਤਿ ਆਏ ਮਹਾ ਅਨੰਦਾ ਜਿਸੁ ਵਿਸਰਹਿ ਸੋ ਮਰਿ ਜਾਏ॥ (੭੪੯)

– ਦੂਖੁ ਤਦੇ ਜਦਿ ਵੀਸਰੈ ਸੁਖੁ ਪ੍ਰਭ ਚਿਤਿ ਆਏ॥ (੮੧੩)

ਏਸੇ ਕਰਕੇ ਸੁਖਮਨੀ ਸਾਹਿਬ ਵਿੱਚ ਪੰਜਵੇਂ ਪਾਤਸ਼ਾਹ ਨੇ ਇਹ ਉਪਦੇਸ਼ ਦਿੱਤੇ ਹਨ:-

– ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥ ਤਿਸੁ ਠਾਕੁਰ ਕਉ ਰਖੁ ਮਨ ਮਾਹਿ॥

ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ॥ ਤਿਸਹਿ ਧਿਆਇ ਸਦਾ ਮਨ ਅੰਦਰਿ॥
ਜਿਹ ਪ੍ਰਸਾਦਿ ਰੰਗ ਰਸ ਭੋਗ॥ ਨਾਨਕ ਸਦਾ ਧਿਆਈਐ ਧਿਆਵਨ ਜੋਗ॥ (੨੬੯)

- ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ॥ ਲਿਵ ਲਾਵਹੁ ਤਿਸੁ ਰਾਮ ਸਨੇਹੀ॥
ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ॥ ਮਨ ਸਰਨੀ ਪਰੁ ਠਾਕੁਰ ਪ੍ਰਭ ਤਾ ਕੈ॥
ਜਿਹ ਪ੍ਰਸਾਦਿ ਆਭੂਖਨ ਪਹਿਰੀਜੈ॥ ਮਨ ਤਿਸੁ ਸਿਮਰਤ ਕਿਉ ਆਲਸੁ ਕੀਜੈ॥
ਜਿਹ ਪ੍ਰਸਾਦਿ ਬਾਗ ਮਿਲਖ ਧਨਾ॥ ਰਾਖੁ ਪਰੋਇ ਪ੍ਰਭੁ ਅਪੁਨੇ ਮਨਾ॥
ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ॥ ਸੋ ਪ੍ਰਭੁ ਸਿਮਰਹੁ ਸਦਾ ਅਨੂਪੁ॥
ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ॥ ਤਿਸਹਿ ਜਾਨੁ ਮਨ ਸਦਾ ਹਜੂਰੇ॥ (ਪੰਨਾ ੨੭੦)

ਚੁਰਾਸੀ ਲੱਖ ਜੂਨਾਂ ਵਿੱਚੋਂ ਕੇਵਲ ਬੰਦੇ ਨੂੰ ਹੀ ਤੀਖਣ ਬੁੱਧੀ ਬਖਸ਼ੀ ਹੈ। ਜਦ ਕਿ ਬਾਕੀ ਜੂਨਾਂ ਨੂੰ ਕੇਵਲ ਇੰਨੀ ਬੁੱਧੀ ਬਖਸ਼ੀ ਹੈ ਜਿਸ ਨਾਲ ਉਹ ਆਪਣਾ ਜੀਵਨ ਨਿਰਬਾਹ ਕਰ ਸਕਣ। ਪਰ ਬਾਕੀ ਸਾਰੀਆਂ ਜੂਨਾਂ ਦਾ ਸਿਰਤਾਜ ਹੋਣ ਕਰਕੇ, ਮਨੁੱਖ ਨੂੰ ਪ੍ਰਮੇਸ਼ਰ ਨੇ ਅਤਿਅੰਤ ਤੀਖਣ ਬੁੱਧੀ ਬਖਸ਼ੀ ਹੈ, ਜਿਸ ਨਾਲ ਇਹ ਅਨੇਕਾਂ ਉਕਤੀਆਂ ਜੁਗਤੀਆਂ, ਏਹੜ ਤੇਹੜ, ਸਿਆਣਪਾਂ, ਚਲਾਕੀਆਂ ਘੋਟ ਘੋਟ ਕੇ ਆਪਣੇ ਕਰਤੇ, ਇਲਾਹੀ ਮਾਤਾ, ਪਿਤਾ ਪ੍ਰਮੇਸ਼ਰ ਦੀ ਹੋਂਦ ਨੂੰ ਹੀ ਭੁੱਲ ਕੇ ਬੇਮੁੱਖ ਹੋ ਜਾਂਦਾ ਹੈ ਤੇ ਇਲਾਹੀ ਹੁਕਮ ਤੋਂ ਅਣਜਾਣ ਹੋ ਕੇ, ਤ੍ਰੈਗੁਣਾਂ ਦੇ ਅਸੂਲ ਅਧੀਨ ਕਰਮ ਕਰਦਾ ਤੇ ਨਤੀਜੇ ਭੁਗਤਦਾ ਹੈ। ਬਾਕੀ ਚੁਰਾਸੀ ਲੱਖ ਜੂਨਾਂ ਵਿੱਚ ਸੀਮਤ ਬੁੱਧੀ ਹੋਣ ਕਰਕੇ ਉਹ ਨਾਲ ਲਿਖੇ ਹੋਏ ਹੁਕਮ ਦੀ ਰਜਾ ਵਿੱਚ ਸਹਿਜੇ ਅਤੇ ਅਭੋਲ ਹੀ ਵਿਚਰਦੇ ਤੇ ਜੀਵਨ ਬਤੀਤ ਕਰਦੇ ਹਨ। ਇਸ ਲਈ ਉਨ੍ਹਾਂ ਦਾ ਵਿਕਾਸ ਸਹਿਜੇ ਹੀ ਹੋ ਰਿਹਾ ਹੈ। ਇਸੇ ਕਰਕੇ ਗੁਰੂ ਬਾਬੇ ਨੇ ਮਨੁੱਖੀ ਜੀਵਾਂ ਨੂੰ ਇਹ ਉਪਦੇਸ਼ ਦਿੱਤੇ ਹਨ:-

- ਛੋਡਿ ਸਗਲ ਸਿਆਣਪਾ ਸਾਚਿ ਸਬਦਿ ਲਿਵ ਲਾਇ॥ (੫੧)

- ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ॥ (੨੮੧)

- ਗੁਰ ਕੀ ਮਤਿ ਤੂੰ ਲੇਹਿ ਇਆਨੇ॥ ਭਗਤਿ ਬਿਨਾ ਬਹੁ ਡੂਬੇ ਸਿਆਨੇ॥ (੨੮੮)

- ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਨੁ॥ (੬੪੬)

- ਮਨ ਸਿਆਣਪ ਛੋਡੀਐ ਗੁਰ ਕਾ ਸਬਦੁ ਸਮਾਲੇ॥ (੪੪੦)

ਸਾਡੇ ਇਲਾਹੀ ਮਾਤਾ ਪਿਤਾ ਨੂੰ ਗਿਆਨ ਸੀ ਕਿ ਇਨਸਾਨ ਆਪਣੀ ਹਉਮੈ ਅਧੀਨ ਹੋ ਕੇ ਤੀਖਣ ਬੁੱਧੀ ਦੁਆਰਾ ਉਕਤੀਆਂ, ਜੁਗਤੀਆਂ ਤੇ ਸਿਆਣਪਾਂ ਨਾਲ ਆਪਣੇ ਦਾਤੇ ਪ੍ਰਮੇਸ਼ਰ ਨੂੰ ਭੁੱਲ ਸਕਦਾ ਹੈ, ਇਸ ਲਈ ਆਦਿ ਤੋਂ ਹੀ ਪ੍ਰਮੇਸ਼ਰ ਨੇ ਸਾਨੂੰ ਬੇਮੁੱਖਾਂ ਨੂੰ ਭੁੱਲ ਵਿੱਚੋਂ ਕੱਢ ਕੇ ਯਾਦ ਵਿੱਚ ਜਾਂ "ਗੁਰਪ੍ਰਸਾਦਿ" ਦੀ ਨਿੱਘੀ ਤੇ ਸੁਖਦਾਈ ਛਤਰ ਛਾਇਆ ਹੇਠ ਮੁੜ ਲਿਆਉਣ ਲਈ ਧੁਰੋਂ ਗੁਰੂ, ਪੈਗੰਬਰ, ਪੀਰ, ਫ਼ਕੀਰ, ਸਾਧ, ਸੰਤ, ਮਹਾਂਪੁਰਖ, ਗੁਰਮੁਖ ਪਿਆਰੇ ਲੋੜ ਅਨੁਸਾਰ ਸੰਸਾਰ ਤੇ ਭੇਜੇ, ਉਨ੍ਹਾਂ ਨੇ ਵਕਤ ਦੇ ਹਾਲਾਤ ਅਨੁਸਾਰ ਜੀਵਾਂ ਨੂੰ ਪ੍ਰਮਾਰਥ ਵੱਲ ਲਾਉਣ ਲਈ ਆਤਮਿਕ ਉਪਦੇਸ਼ ਦਿੱਤੇ।

- ਸਾਧ ਪਠਾਏ ਆਪਿ ਹਰਿ ਹਮ ਤੁਮ ਤੇ ਨਾਹੀ ਦੂਰਿ॥ (੯੨੯)

- ਸਾਧ ਰੂਪ ਅਪਨਾ ਤਨੁ ਧਾਰਿਆ॥ ਮਹਾ ਅਗਨਿ ਤੇ ਆਪਿ ਉਬਾਰਿਆ॥ (੧੦੦੫)

ਉਪਰਲੀ ਵਿਚਾਰ ਤੋਂ ਇਹ ਸਿੱਧ ਹੁੰਦਾ ਹੈ ਕਿ ਕਾਇਨਾਤ ਰਚਣ ਵੇਲੇ ਅਕਾਲ ਪੁਰਖ ਨੇ ਇੱਕੋ ਵਾਰੀ ਆਪਣੇ "ਕਵਾਉ" ਦੁਆਰਾ ਸਭ ਕੁੱਝ ਬਣਾ ਧਰਿਆ ਤੇ ਇਸ ਵਿੱਚ ਆਪਣੀ ਜੋਤ ਰੱਖ ਕੇ ਇਸ ਨੂੰ ਚਲਾਉਣ ਲਈ ਹੁਕਮ ਦੁਆਰਾ ਸਾਰੇ ਪ੍ਰਬੰਧ ਕਰ ਦਿੱਤੇ। ਇਹ ਸਭ ਕੁੱਝ ਪ੍ਰੇਮ ਪੁਰਖ ਅਕਾਲ ਪੁਰਖ ਦੀ ਬਖ਼ਸ਼ਿਸ਼ ਅਤੇ "ਗੁਰਪ੍ਰਸਾਦਿ" ਦਾ ਸਦੀਵੀ ਪ੍ਰਤੀਕ ਹੈ। ਇਸੇ ਲਈ ਉਸ ਨੂੰ ਬਾਣੀ ਵਿੱਚ:

– ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥ (੭੧੩)

ਕਿਹਾ ਗਿਆ ਹੈ। ਇਸੇ ਤਰ੍ਹਾਂ ਗੁਰਬਾਣੀ ਵੀ ਧੁਰੋਂ ਪ੍ਰਮੇਸ਼ਰ ਦੀ ਬਖ਼ਸ਼ਿਸ਼ ਜਾਂ ਸਤਿਗੁਰ ਪ੍ਰਸਾਦਿ ਜਾਂ ਆਤਮਕ ਦੇਣ ਹੈ। ਪ੍ਰਮੇਸ਼ਰ ਅਥਵਾ ਸਾਡੀ ਇਲਾਹੀ ਮਾਤਾ ਦੇ ਹਿਰਦੇ ਵਿੱਚ ਆਪਣੀ ਅੰਸ਼ ਲਈ ਅਤਿਅੰਤ ਪਿਆਰ ਭਾਵਨਾ ਹੈ। ਇਸ ਲਈ ਬਾਣੀ ਵਿੱਚ ਅਕਾਲ ਪੁਰਖ ਨੂੰ ਪ੍ਰੀਤਮ, ਅਤਿ ਪ੍ਰੀਤਮ, ਪ੍ਰੇਮ ਪੁਰਖ ਆਦਿ ਸ਼ਬਦਾਂ ਨਾਲ ਸੰਬੋਧਨ ਕੀਤਾ ਗਿਆ ਹੈ।

– ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ ਪ੍ਰਾਨ ਅਧਾਰਾ ਰਾਮ॥ (੫੪੨)

– ਤੂੰ ਪ੍ਰੀਤਮ ਤੂੰ ਪ੍ਰਾਨ ਅਧਾਰੇ ॥ ਤੁਮ ਹੀ ਪੇਖਿ ਪੇਖਿ ਮਨੁ ਬਿਗਸਾਰੇ॥ (੭੪੦)

ਮਿਹਰ, ਬਖ਼ਸ਼ਿਸ਼, ਪ੍ਰਸਾਦਿ, ਗੁਰ ਪ੍ਰਸਾਦਿ ਦੀਆਂ ਭਾਵਨਾਵਾਂ ਇਸੇ ਇਲਾਹੀ ਪ੍ਰੀਤ ਪਿਆਰ ਦੇ ਰੰਗ ਅਤੇ ਅੰਗ ਹਨ।

ਦੁਨਿਆਵੀ ਮਾਂ ਦੇ ਹਿਰਦੇ ਵਿੱਚ ਭੀ ਆਪਣੇ ਜਾਏ ਬੱਚੇ ਲਈ ਅਥਾਹ ਪਿਆਰ ਹੁੰਦਾ ਹੈ ਤੇ ਉਹ ਆਪਣੇ ਬੱਚੇ ਦੇ ਵਿਛੋੜੇ ਨੂੰ ਸਹਿ ਨਹੀਂ ਸਕਦੀ ਤੇ ਭੁੱਲੇ ਜਾਂ ਵਿਛੜੇ ਹੋਏ ਬੱਚੇ ਦੀ ਸੂਹ ਲੈਂਦੀ ਰਹਿੰਦੀ ਹੈ ਤੇ ਉਸ ਨੂੰ ਮੁੜ ਆਪਣੇ ਗਲ ਲਾ ਕੇ, ਆਪਣੀ ਗੋਦ ਦਾ ਨਿੱਘ ਤੇ, ਮਾਂ ਪਿਆਰ ਦਾ ਸੁੱਖ ਦੇਣ ਲਈ ਲੋਚਦੀ ਤੇ ਤਾਂਘਦੀ ਰਹਿੰਦੀ ਹੈ। ਆਪਦੇ ਬੱਚੇ ਵੱਲ ਸੁਨੇਹੜੇ ਭੇਜ ਕੇ ਉਸ ਨੂੰ ਮੁੜ ਆਪਣੇ ਵੱਲ ਪ੍ਰੇਰਦੀ ਤੇ ਖਿੱਚਦੀ ਰਹਿੰਦੀ ਹੈ।

ਇਸੇ ਤਰ੍ਹਾਂ ਹੀ ਸਾਡੀ ਇਲਾਹੀ ਮਾਤਾ, ਪ੍ਰਮੇਸ਼ਰ ਵੀ ਆਪਣੀ ਉਮਤ ਦੇ ਵਿਛੋੜੇ ਨੂੰ ਸਹਾਰ ਨਹੀਂ ਸਕਦੀ, ਇਸ ਲਈ ਸਾਰੀ ਕਾਇਨਾਤ ਦੇ ਅੰਤ੍ਰੀਵ ਜੀਵਨ ਦੀ ਰਵਾਨਗੀ ਵਿੱਚ ਆਪਣੇ ਪਿਆਰ ਦੀ ਖਿੱਚ (ਤਾਰ) ਨੂੰ ਪ੍ਰਵੇਸ਼ ਕਰ ਦਿੰਦੀ ਹੈ। ਇਹ ਇਲਾਹੀ ਪਿਆਰ ਦੀ ਖਿੱਚ ਜਾਂ ਤਾਰ ਜਾਂ ਵੇਗ ਅਕਾਲ ਪੁਰਖ ਦੀ ਮਿਹਰ, ਬਖ਼ਸ਼ਿਸ਼, ਗੁਰਪ੍ਰਸਾਦਿ ਦੀ ਪ੍ਰਤੀਕ ਹੈ। ਜੋ ਕਿ ਹਰ ਇੱਕ ਜੀਵ ਦੇ ਨਾਲ ਲਿਖਿਆ ਹੈ ਜਾਂ ਅੰਤ੍ਰਰਵਿ ਰਿਹਾ ਭਰਪੂਰ ਹੈ ਤੇ ਇਹ ਪਿਆਰ ਦੀ ਖਿੱਚ, ਤਾਰ, ਰਵਾਨਗੀ, ਸਦੀਵੀ, ਅਮੁੱਕ ਅਤੇ ਕਾਲ ਰਹਿਤ ਹੈ।

– ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ॥
ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ॥
ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ॥ (੧੧੦੧)

ਚੁਰਾਸੀ ਲੱਖ ਜੂਨ ਤਾਂ ਅਭੋਲ ਅਤੇ ਸਹਿਜ ਸੁਭਾਇ ਹੀ ਆਪਣੇ ਹੁਕਮੀ ਅਕਾਲ ਪੁਰਖ ਵੱਲ ਉਸ ਦੇ ਹੁਕਮ ਦੀ "ਗੁਰਪ੍ਰਸਾਦਿ" ਰੂਪੀ ਰਵਾਨਗੀ ਦੇ ਵੇਗ ਵਿੱਚ ਸੁਰ ਹੋ ਕੇ ਰੁੜ੍ਹੀ ਜਾ ਰਹੀ ਹੈ, ਪਰ ਇਨਸਾਨ ਆਪਣੀ ਪ੍ਰਬਲ ਹਉਮੈ ਅਤੇ ਤੀਖਣ ਬੁੱਧੀ ਦੁਆਰਾ ਹਰ ਸ਼ੈਅ ਨੂੰ ਘੋਖਦਾ ਅਤੇ ਪਰਖਦਾ ਹੈ ਤੇ ਉਸ ਦੀ ਬਾਬਤ ਆਪਣੇ ਮਨ ਦੀ ਰੰਗਤ ਅਨੁਸਾਰ ਨਤੀਜੇ ਕੱਢਦਾ ਹੈ। ਇਸ ਤਰ੍ਹਾਂ ਆਪਣੇ ਕਰਤੇ ਪ੍ਰਮੇਸ਼ਰ ਦੀ ਬਾਬਤ ਵੀ ਕਈ ਕਿਸਮ ਦੇ ਸਵਾਲ ਜਵਾਬ, ਉਕਤੀਆਂ ਜੁਗਤੀਆਂ, ਸਿਆਣਪਾਂ, ਸ਼ੰਕੇ ਤੇ ਫਿਲਾਸਫੀਆਂ ਘੋਟ ਘੋਟ ਕੇ ਰੱਬ ਦੀ ਹੋਂਦ ਅਤੇ ਉਸ ਦੀ ਬਖ਼ਸ਼ਿਸ਼ ਤੇ ਕਿੰਤੂ ਕਰਦਾ ਹੈ। ਇਹ ਕਿੰਤੂ ਕਰਦਾ ਹੋਇਆ ਹੀ ਕਈ ਵਾਰੀ ਨਾਸਤਿਕਤਾ ਤੱਕ ਪਹੁੰਚ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਆਤਮਿਕ ਸ਼ਰਧਾ ਅਤੇ ਵਿਸ਼ਵਾਸ ਦੀ ਤਾਰ ਜਾਂ ਵੇਗ ਤੋਂ ਬੇਸੁਰਾ ਹੋ ਕੇ ਇਲਾਹੀ ਬਖ਼ਸ਼ਿਸ਼ ਜਾਂ "ਗੁਰਪ੍ਰਸਾਦਿ" ਤੋਂ ਵਾਂਝਾ ਹੋ ਜਾਂਦਾ ਹੈ।

ਕਿਸੇ ਵਿਅਕਤੀ ਦੇ ਮੇਲ ਜੋਲ ਦੀ ਤਾਰ ਇੱਕ ਦੂਸਰੇ ਦੇ ਭਰੋਸੇ ਤੇ ਨਿਰਭਰ ਹੁੰਦੀ ਹੈ, ਜਿਹੜਾ ਉਨ੍ਹਾਂ ਨੂੰ ਸੁਰ ਵਿੱਚ ਰੱਖਦੀ ਹੈ ਤੇ ਉਹ ਆਪਣੇ ਵਿੱਚ ਅੰਤ੍ਰੀਵ ਤੌਰ 'ਤੇ ਲੇਵਾ ਦੇਵੀ ਕਰਦੇ ਹਨ। ਜਦ ਵਿਸ਼ਵਾਸ ਦੀ ਤਾਰ ਟੁੱਟ ਜਾਵੇ ਜਾਂ ਢਿੱਲੀ ਹੋ ਜਾਵੇ ਤਾਂ ਉਹ ਮੇਲ ਜੋਲ ਓਪਰਾ, ਫੋਕਾ ਤੇ ਲਾਭਹੀਣ ਹੋ ਜਾਂਦਾ ਹੈ। ਯਾਨੀ ਕਿ ਉਨ੍ਹਾਂ ਦੇ ਮਨ ਅੰਤਰੀਵ ਤੌਰ 'ਤੇ ਨਾ ਮਿਲਣ ਕਾਰਨ ਉਨ੍ਹਾਂ ਦੇ ਖ਼ਿਆਲਾਂ, ਰੀਝਾਂ, ਕਲਪਨਾਵਾਂ ਵਿੱਚ ਅੰਤਰ ਹੋ ਜਾਂਦਾ ਹੈ। ਉਹ ਬਾਹਰੀ ਤੌਰ

’ਤੇ ਤਾਂ ਭਾਵੇਂ ਇਕੱਠੇ ਰਹਿੰਦੇ ਤੇ ਵਰਤਦੇ ਹਨ, ਪਰ ਆਪਸ ਵਿੱਚ ਅੰਤਰੀਵ ਤੌਰ ’ਤੇ ਬੇਸੁਰੇ ਹੋ ਜਾਂਦੇ ਹਨ, ਜਿਸ ਕਾਰਨ ਉਨ੍ਹਾਂ ਵਿਚਕਾਰ ਅੰਤਰੀਵ ਮੇਲ ਜੋਲ, ਸਾਂਝ ਜਾਂ ਲੇਵਾ ਦੇਵੂ ਨਹੀਂ ਹੋ ਸਕਦੀ।

ਇਸੇ ਤਰ੍ਹਾਂ ਜਦ ਸਿਆਣਪਾਂ ਅਥਵਾਂ ਸ਼ੰਕਿਆਂ ਕਾਰਨ ਸ਼ਰਧਾ ਭਾਵਨੀ ਵਿੱਚ ਵਿਘਨ ਪੈ ਜਾਵੇ ਤਾਂ ਪ੍ਰਮੇਸ਼ਰ ਨਾਲ ਸਾਡਾ ਅੰਤ੍ਰ ਆਤਮੇ ਮੇਲ ਜੋਲ ਨਹੀਂ ਹੁੰਦਾ ਜਿਸ ਕਾਰਨ ਅਸੀਂ ਰੱਬੀ ਪ੍ਰਕਾਸ਼ ਬਖ਼ਸ਼ਿਸ਼ ‘‘ਗੁਰਪ੍ਰਸਾਦਿ’’ ਤੋਂ ਵਾਂਝੇ ਹੋ ਜਾਂਦੇ ਹਾਂ। ਇਸ ਵਿੱਚ ਸਾਡੀ ਅਣਗਹਿਲੀ, ਅਗਿਆਨਤਾ ਦਾ ਹੀ ਦੋਸ਼ ਹੈ, ‘‘ਗੁਰਪ੍ਰਸਾਦਿ’’ ਦਾ ਦੋਸ਼ ਨਹੀਂ।

– ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ॥ (੭੨੫)

– ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ॥
ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥ (੭੯੧)

ਇਸਦੇ ਮੁੱਢਲੇ ਕਾਰਨ ਇਹ ਹਨ–

(੧) ਪ੍ਰਮੇਸ਼ਰ ਦੀ ਹੋਂਦ ਤੋਂ ਸ਼ਰਧਾਹੀਣ ਹੋ ਕੇ ਉਸ ਨੂੰ ਭੁੱਲ ਜਾਣਾ ਜਾਂ ਉਸ ਤੋਂ ਬੇਮੁੱਖ ਹੋ ਜਾਣਾ।

(੨) ਪ੍ਰਮੇਸ਼ਰ ਦੀ ਬਖ਼ਸ਼ਿਸ਼ ਜਾਂ ਗੁਰਪ੍ਰਸਾਦਿ ਤੋਂ ਅਨਜਾਣ ਜਾਂ ਅਵੇਸਲੇ ਹੋਣਾ।

(੩) ਪ੍ਰਮੇਸ਼ਰ ਦੇ ਹੁਕਮ ਰੂਪੀ ਇਲਾਹੀ ਵੇਗ ਜਾਂ ਰਵਾਨਗੀ ਤੋਂ ਆਪਣੀ ਚਤੁਰਾਈ ਤੇ ਸਿਆਣਪ ਦੁਆਰਾ ਬੇਸੁਰੇ ਹੋ ਕੇ ਰੱਬੀ ਪਿਆਰ ਦੀ ਤਾਰ ਨਾਲੋਂ ਟੁੱਟ ਜਾਣਾ।

– ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥ ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥ (੧੩੫)

ਇਸੇ ਕਰਕੇ ਗੁਰਬਾਣੀ ਵਿੱਚ ਪ੍ਰਮੇਸ਼ਰ ਤੋਂ ਭੁੱਲਿਆਂ ਤੇ ਬੇਮੁਖ ਜੀਵਾਂ ਲਈ ਉਪਦੇਸ਼ਾਂ ਦੁਆਰਾ ਇਉਂ ਪ੍ਰੇਰਨਾ ਕੀਤੀ ਗਈ ਹੈ–

– ਸਾਧਸੰਗਤਿ ਉਪਜੈ ਬਿਸ੍ਵਾਸ॥ ਬਾਹਰਿ ਭੀਤਰਿ ਸਦਾ ਪ੍ਰਗਾਸ॥ (੩੪੩)

– ਸਤਸੰਗਤਿ ਮਹਿ ਬਿਸਾਸੁ ਹੋਇ ਹਰਿ ਜੀਵਤ ਮਰਤ ਸੰਗਾਰੀ॥ (੪੦੧)

– ਸਾਧਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥ (੬੯੪)

– ਸਤਸੰਗਤਿ ਮਿਲੈ ਤ ਦਿੜਤਾ ਆਵੈ ਹਰਿ ਰਾਮ ਨਾਮਿ ਨਿਸਤਾਰੇ॥ (੯੮੧)

– ਨਾਨਕ ਪ੍ਰੀਤਿ ਲਗੀ ਤਿਨ੍ ਰਾਮ ਸਿਉ ਭੇਟਤ ਸਾਧ ਸੰਗਾਤ॥ (੫੨੧)

– ਸਾਧ ਸੰਗਤਿ ਭਉ ਭਾਉ ਸਹਜੁ ਬੈਰਾਗ ਹੈ॥ ਵ: ਭਾ: ਗੁ: ੩/੧੩

– ਸਾਧ ਸੰਗਤਿ ਭੈ ਭਾਇ ਨਿਜ ਘਰਿ ਪਾਇਆ॥ ਵ: ਭਾ: ਗੁ: ੩/੨੦

ਇਹਨਾਂ ਗੁਰਬਾਣੀ ਦੀਆਂ ਪੰਗਤੀਆਂ ਦਾ ਅਸੀਂ ਭਾਵ ਅਰਥ ਸਮਝ ਕੇ ਪਾਠ ਕਰਨਾ ਹੈ ਅਤੇ ਇਨ੍ਹਾਂ ਨੂੰ ਕਮਾਉਂਦਿਆਂ ਹੋਇਆਂ ਮੁੜ ਮੁੜ ਸਤਿਗੁਰ ਦੀ ਚਰਨ ਸਰਨ ਜਾਣਾ ਹੈ। ਫਿਰ ਸਤਿਗੁਰ ਪ੍ਰਸਾਦਿ ਦੇ ਪਾਤਰ ਹੋ ਕੇ ਆਪਣਾ ਜੀਵਨ ਸਫ਼ਲ ਕਰਨਾ ਹੈ।

– ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ॥
ਦਇਆਲੁ ਹੋਆ ਪਾਰਬ੍ਰਹਮੁ ਸੁਆਮੀ ਪੂਰਾ ਸਤਿਗੁਰੁ ਧਿਆਇਆ॥ (੬੧੫)

– ਪ੍ਰਭ ਕੀ ਸਰਣਿ ਗਹੀ ਸਭ ਤਿਆਗਿ॥ ਗੁਰ ਸੁਪ੍ਰਸੰਨ ਭਏ ਵਡ ਭਾਗਿ॥ (੯੬੬)

ਸਤਿਗੁਰ ਨੇ ਇਸ ਸਾਰੀ ਆਤਮਿਕ ਖੇਲ ਦਾ ਬੜਾ ਸੌਖਾ ਤੇ ਇੱਕੋ ਇੱਕ ਸਾਧਨ ਦੱਸਿਆ ਹੈ–

– ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ (੧੨)

ਇਸ ਸਾਰੇ ਲੇਖ ਦੀਆਂ ਵਿਚਾਰਾਂ ਦਾ ਨਿਚੋੜ ਹੇਠਾਂ ਪੇਸ਼ ਕੀਤਾ ਜਾਂਦਾ ਹੈ–

"ਗੁਰਪ੍ਰਸਾਦਿ" ਇਲਾਹੀ ਪਿਆਰ ਦਾ ਪ੍ਰਤੀਕ ਅਤੇ ਪ੍ਰਗਟਾਵਾ ਹੈ। ਹਾਂ ਜੀ: ਇਹ "ਗੁਰਪ੍ਰਸਾਦਿ", ਪਿਆਰ ਦੀ ਗਲਵਕੜੀ ਹੈ, ਉਸ ਦਾ ਨਿੱਘ ਹੈ, ਉਸਦਾ ਲਾਡ ਲਡਾਉਣਾ ਹੈ, ਉਸਦਾ ਖੇਲ ਖਿਲਾਉਣਾ ਹੈ, ਉਸ ਦਾ ਉਮਾਹ ਹੈ, ਉਸ ਦਾ ਚਾਉ ਹੈ, ਉਸਦਾ ਖੇੜਾ ਹੈ, ਉਸਦੇ ਪਿਆਰ ਦਾ ਉਛਾਲ ਹੈ, ਉਸ ਦੇ ਪਿਆਰ ਦਾ ਉਬਾਲ ਹੈ, ਰਸ ਹੈ, ਮਹਾਂ ਰਸ ਹੈ।

ਇਸ ਤਰ੍ਹਾਂ ਇਹ ਉਸਦੇ ਪਿਆਰ ਦਾ ਡੁਲ੍ਹ ਡੁਲ੍ਹ ਪੈਣਾ ਹੈ, ਪਿਆਰੇ ਦੀ ਦਿਲ ਖਿੱਚਵੀਂ ਤੱਕਣੀ ਹੈ, ਉਸਦੀ ਤਕਣੀ ਦਾ ਜਾਦੂ ਹੈ, ਤਕਣੀ ਦਾ ਨਸ਼ਾ ਹੈ, ਇਸ ਨਸ਼ੇ ਦੀ ਮਸਤੀ ਹੈ, ਮਸਤੀ ਦੀ ਰੌਂ ਹੈ, ਰੌਂ ਦੀ ਰਵਾਨਗੀ ਹੈ, ਜੋ ਰਸ ਰੂਪ ਹੈ, ਪ੍ਰਕਾਸ਼ ਰੂਪ ਹੈ, ਸਹਿਜ ਸੁਭਾਇ ਹੈ, ਸਰਵ ਵਿਆਪਕ ਹੈ।

ਹਾਂ ਜੀ! "ਗੁਰਪ੍ਰਸਾਦਿ" ਦੀ ਬਾਤ ਅਮੁੱਕ ਹੈ, ਅਥਾਹ ਹੈ, ਅਮਿਤ ਹੈ, ਅਟੁੱਟ ਹੈ, ਸਦੀਵੀ ਹੈ, ਭਰਪੂਰ ਹੈ, ਲਗਾਤਾਰ ਹੈ।

ਇਹ, ਓਤ ਪੋਤ ਲਪਟਾਈ ਹੈ, ਕਾਨੂੰਨ ਰਹਿਤ ਹੈ, **'ਜੋਰੁ ਨ ਮੰਗਣਿ ਦੇਣਿ ਨ ਜੋਰੁ'** ਹੈ।

ਇਸ ਦਾ ਦਾਤਾ ਸਦ ਬਖਸਿੰਦੁ ਹੈ, ਸਦਾ ਮਿਹਰਵਾਨਾ ਹੈ, ਅਉਗੁਣ ਕੋ ਨ ਚਿਤਾਰੇ ਹੈ, ਸਰਬ ਗੁਣ ਭਰਪੂਰ ਹੈ, ਸਰਬ ਵਿਆਪਕ ਹੈ।

"ਗੁਰਪ੍ਰਸਾਦਿ" ਦੀ ਬਖ਼ਸ਼ਿਸ਼ ਹੀ ਸਾਡੇ ਖ਼ਿਆਲਾਂ, ਵਲਵਲਿਆਂ, ਭਾਵਨਾਵਾਂ ਅਤੇ ਜੀਵਨ ਦੇ ਹਰ ਪੱਖ ਵਿੱਚ ਵਰਤ ਰਹੀ ਹੈ। "ਗੁਰਪ੍ਰਸਾਦਿ" ਦੇ ਅਥਾਹ ਅਮਿਤ ਸਦੀਵ ਸਾਗਰ ਵਿੱਚ ਅਸੀਂ ਜੀਉਂਦੇ, ਥੀਂਦੇ ਤੇ ਵਰਤਦੇ ਹੋਏ, ਇਸ ਵਿੱਚ ਹੀ ਸਮਾ ਜਾਂਦੇ ਹਾਂ।

ਜਿਸ ਤਰ੍ਹਾਂ ਧੁੱਪ ਸੂਰਜ ਦੀ ਹੋਂਦ ਦੀ ਪ੍ਰਤੀਕ ਹੈ ਜਾਂ ਨਿਸ਼ਾਨ ਹੈ, ਉਸੇ ਤਰ੍ਹਾਂ "ਗੁਰਪ੍ਰਸਾਦਿ" ਹੀ ਪ੍ਰਮੇਸ਼ਰ ਦੀ ਹੋਂਦ ਦਾ ਪ੍ਰਤੀਕ ਹੈ।

ਜਿੱਥੇ "ਗੁਰਪ੍ਰਸਾਦਿ" ਹੈ ਉਥੇ ਪ੍ਰਮੇਸ਼ਰ ਆਪ ਹੈ। ਜਿੱਥੇ ਪ੍ਰਮੇਸ਼ਰ ਹੈ ਉਥੇ "ਗੁਰਪ੍ਰਸਾਦਿ" ਹੈ।

ਇਸ ਤਰ੍ਹਾਂ ਪ੍ਰਮੇਸ਼ਰ ਹੀ "ਗੁਰਪ੍ਰਸਾਦਿ" ਹੈ ਤੇ "ਗੁਰਪ੍ਰਸਾਦਿ" ਹੀ ਪ੍ਰਮੇਸ਼ਰ ਹੈ। ਇਹੋ ਜਿਹੇ ਸਰਬ ਵਿਆਪਕ, ਸਰਬ ਭਰਪੂਰ, ਸਰਬ ਸੁਖਦਾਈ, ਸਦੀਵੀ, ਪ੍ਰੇਮ ਸਰੂਪ "ਗੁਰਪ੍ਰਸਾਦਿ" ਦੇ ਸ਼ੁਕਰਾਨੇ ਵਿੱਚ ਸਹਿਜ ਸੁਭਾਇ ਅਟੁੱਟ ਸਿਮਰਨ ਕਰਨਾ ਹੀ ਸਾਡੇ ਜੀਵਨ ਦਾ ਮੰਤਵ ਅਤੇ ਮਨੋਰਥ ਹੈ।

– ਦੇਵਣਹਾਰੁ ਦਾਤਾਰੁ ਕਿਤੁ ਮੁਖਿ ਸਾਲਾਹੀਐ॥ ਜਿਸੁ ਰਖੈ ਕਿਰਪਾ ਧਾਰਿ ਰਿਜਕੁ ਸਮਾਹੀਐ॥
ਕੋਇ ਨ ਕਿਸ ਹੀ ਵਸਿ ਸਭਨਾ ਇਕ ਧਰ॥ ਪਾਲੇ ਬਾਲਕ ਵਾਗਿ ਦੇ ਕੈ ਆਪਿ ਕਰ॥
ਕਰਦਾ ਅਨਦ ਬਿਨੋਦ ਕਿਛੂ ਨ ਜਾਣੀਐ॥ ਸਰਬ ਧਾਰ ਸਮਰਥ ਹਉ ਤਿਸੁ ਕੁਰਬਾਣੀਐ॥
ਗਾਈਐ ਰਾਤਿ ਦਿਨੰਤੁ ਗਾਵਣ ਜੋਗਿਆ॥ ਜੋ ਗੁਰ ਕੀ ਪੈਰੀ ਪਾਹਿ ਤਿਨੀ ਹਰਿ ਰਸੁ ਭੋਗਿਆ॥ (੯੫੭)